| | ਉਹ ਨੌਕਰ ਹੈ | ਉਹ ਨੌਕਰ ਹੈਨ (ਹਨ), Those are servants. |
| | ਉਹ ਸਾਧੂ ਹੈ | ਉਹ ਸਾਧੂ ਹੈਨ (ਹਨ), Those (they) are mendicants. |
| | ਇਹ ਆਦਮੀ ਹੈ | ਇਹ ਆਦਮੀ ਹੈਨ (ਹਨ), These are men. |
| | ਮਕਾਨ, house | ਸਾਧੂ, mendicant |

1. Panjabi has only two genders—masculine and feminine.

2. Note that the pronouns ਇਹ this, it, he, she, and ਉਹ that, it, he, she do not change in gender and number.

3. ਹੈਨ, are, is more common than ਹਨ which is rather pedantic.

4. Under a, we have feminine nouns and their forms; and under b, masculine nouns and their forms. The following rules may be noted —

| Feminine | | Masculine | |
|---|---|---|---|
| Sing. ending in-á<br>Pl. add -vā̃ | others<br>add ā̃ in pl. | sing. ending in-á<br>pl. change - á to-e | Others no<br>change |
| ਮਾਂ ਮਾਂਵਾਂ | ਕਿਤਾਬ ਕਿਤਾਬਾਂ<br>ਕੁੜੀ ਕੁੜੀਆਂ | ਡਾਕਖ਼ਾਨਾ ਡਾਕਖ਼ਾਨੇ<br>ਦਰਵਾਜਾ ਦਰਵਾਜੇ | ਮਕਾਨ ਮਕਾਨ<br>ਨੌਕਰ ਨੌਕਰ<br>ਆਦਮੀ ਆਦਮੀ<br>ਸਾਧੂ ਸਾਧੂ |

[INTRODUCE & DECLINE OTHER NOUNS IN PLACE OF THE ABOVE.]

All feminine nouns in this book have been indicated by f.

Also refer to 5.3

## Pattern - 4

### Adjectives

| | | | |
|---|---|---|---|
| 1. | ਇਹ ਇਕ ਮੇਜ਼ ਹੈ | mas. | ਉਹ ਦੋ ਮੇਜ਼ ਹੈਨ (ਹਨ, ਨੇ) |
| | This a (one) table is | | Those are two tables. |
| | ਇਹ ਇਕ ਕੁਰਸੀ ਹੈ | fem. | ਇਹ ਚਾਰ ਕੁਰਸੀਆਂ ਹੈਨ (ਹਨ, ਨੇ) |
| | This a chair is | | These are four chairs. |
| 2. | ਉਹ ਪੁਰਾਣਾ ਮਕਾਨ ਹੈ | mas. | ਉਹ ਪੁਰਾਣੇ ਮਕਾਨ ਹਨ |
| | That old house is | | They are old houses. |
| | ਉਹ ਪੁਰਾਣੀ ਕਲਮ ਹੈ | fem. | ਉਹ ਪੁਰਾਣੀਆਂ ਕਲਮਾਂ ਹਨ |
| | That old pen is | | They are old pens. |
| 3. | ਇਹ ਸਾਫ਼ ਘਰ ਹੈ | mas. | ਇਹ ਸਾਫ਼ ਘਰ ਹਨ |
| | This is a clean house | | These are clean houses. |
| | ਇਹ ਸਾਫ਼ ਅਲਮਾਰੀ ਹੈ | fem. | ਇਹ ਸਾਫ਼ ਅਲਮਾਰੀਆਂ ਹਨ |
| | This is a clean shelf | | These are clean shelves. |
| 4. | ਇਹ ਜਵਾਨ ਨੌਕਰ ਹੈ | mas. | ਇਹ ਜਵਾਨ ਨੌਕਰ ਹਨ |
| | This is a young servant | | These are young servants. |
| | ਇਹ ਜਵਾਨ ਕੁੜੀ ਹੈ | fem. | ਇਹ ਜਵਾਨ ਕੁੜੀਆਂ ਹਨ |
| | This is a young girl | | These are young girls. |

1. Attributive adjectives are placed immediately before nouns as in English.

2. Adjectives ending in - á (mas.) change in number and gender, as in No. 2 above.

3. Adjectives other than those ending in -á and cardinal numbers do not change in number and gender.

### Vocabulary

| | |
|---|---|
| ਇਕ, one | ਨਵਾਂ, new |
| ਦੋ, two | ਪੁਰਾਣਾ, old |
| ਤਿੰਨ, three | ਸਾਫ਼, clean |
| ਚਾਰ, four | ਗੰਦਾ, dirty |
| ਪੰਜ, five | ਜਵਾਨ, young |
| | ਬੁੱਢਾ, old. |

# Pattern - 5

## Attributive & Predicative Adjectives

(a) With pattern 1.

ਇਹ ਮੇਰੀ ਕਲਮ ਹੈ। ਇਹ ਕਲਮ ਮੇਰੀ ਹੈ, This pen is mine.

ਇਹ ਤੇਰੀ ਪਿਨਸਲ ਹੈ। ਇਹ ਪਿਨਸਲ ਤੇਰੀ ਹੈ, This pencil is yours.

ਇਹ ਪੁਰਾਣੀ ਕਲਮ ਹੈ। ਇਹ ਕਲਮ ਪੁਰਾਣੀ ਹੈ, This pen is old.

ਇਹ ਮੇਰੀ ਪੁਰਾਣੀ ਕਲਮ ਹੈ, This is my old pen.

ਇਹ ਮੇਰੀ ਕਲਮ ਪੁਰਾਣੀ ਹੈ, This pen of mine is old.

ਇਹ ਪੁਰਾਣੀ ਕਲਮ ਮੇਰੀ ਹੈ, This old pen is mine.

Plural ਇਹ ਮੇਰੀਆਂ ਕਲਮਾਂ ਹੈਨ। ਇਹ ਕਲਮਾਂ ਮੇਰੀਆਂ ਹੈਨ। ਇਹ ਮੇਰੀਆਂ ਪੁਰਾਣੀਆਂ ਕਲਮਾਂ ਹੈਨ। Etc.

(b) With pattern 2.

ਕੀ ਇਹ ਮੇਰਾ ਮਕਾਨ ਹੈ ? Is it my house ?

Attr. ਆਹੋ ਜੀ (ਜੀ ਹਾਂ), ਇਹ ਤੇਰਾ ਮਕਾਨ ਹੈ।

Yes please, this is your house.

Pred. ਜੀ ਨਹੀਂ, ਇਹ ਮਕਾਨ ਤੇਰਾ ਨਹੀਂ (ਹੈ)।

No sir, this house is not yours.

ਕੀ ਇਹ ਘਰ ਪੁਰਾਣਾ ਹੈ ? Is this house old (Predicative).

ਆਹੋ ਜੀ (ਜੀ ਹਾਂ), ਇਹ ਘਰ ਪੁਰਾਣਾ ਹੈ। Yes sir, this house is old.

Plural ਇਹ ਘਰ ਪੁਰਾਣੇ ਹੈਨ (ਹਨ)।

The order of attributive and predicative adjectives in a Panjabi sentence is the same as in English. But remember that Panjabi adjectives, if they end in -á (not cardinal numbers), change in gender and number; as, e.g.

| | |
|---|---|
| Mas. Sing. ਮੇਰਾ | Mas. Pl. ਮੇਰੇ |
| Fem. Sing. ਮੇਰੀ | Fem. Pl. ਮੇਰੀਆਂ |

[MAKE MORE SENTENCES USING THE FOLLOWING ATTRIBUTIVELY AND PREDICATIVELY].

### VOCABULARY

| | |
|---|---|
| ਛੇ, six | ਉੱਚਾ, high |
| ਸੱਤ, seven | ਲੰਬਾ, tall, long |

| | |
|---|---|
| ਅੱਠ, eight | ਨੀਵਾਂ, low |
| ਨੌਂ, nine | ਛੋਟਾ, small, short |
| ਦਸ, ten | ਵੱਡਾ, big |
| ਮੇਰਾ, my, mine | ਤੇਰਾ, your, yours. |

### Additional Vocabulary

#### Nouns

| | | | |
|---|---|---|---|
| ਇੰਜਨ | ´ĩjan, engine | ਤੇਲ | tel, oil |
| ਉਂਗਲੀ f. | ´ũglí, finger | ਦਿਨ | din, day |
| ਸੜਕ f. | ´saṛak, road | ਦੁੱਧ | duddh, milk |
| ਸਾਬਣ | ´sábaṇ, soap | ਨਾਂ | ná̃, name |
| ਹਵਾ f. | havá, air | ਪੱਥਰ | ´patthar, stone |
| ਕਪੜਾ | ´kapṛá, cloth | ਪਾਣੀ | páṇí, water |
| ਚਾਵਲ | ´chával, rice | ਬਿਜਲੀ f. | ´bijlī, electricity, lightening. |
| ਚਿੜੀ f. | ´chiṛī, bird, sparrow | ਮੱਛੀ f. | ´machchhí, fish |
| ਚੀਜ f. | ´chīj, thing | ਮਿੱਟੀ f. | ´miṭṭī, clay, earth |
| ਜੰਗਲ | ´jãgal, forest | ਰਾਤ f. | rát, night |
| | | ਰੋਟੀ f. | ´roṭí, bread. |

#### Adjectives ਅਛਾ

| | | | |
|---|---|---|---|
| ਹਰਾ | ´hará, green | ਕੱਚਾ | ´kachchá, unripe, raw |
| ਕਾਲਾ | ´kálá, black | ਪੱਕਾ | ´pakká, ripe, strong |
| ਗੋਰਾ | ´gorá, white, fair (person) | ਤਗੜਾ ਅੱਛਾ | ´tagṛá, strong |
| ਚਿੱਟਾ | ´chiṭṭá, white | ਮੈਲਾ | ´mailá, dirty |
| ਨੀਲਾ | ´níla, blue | ਭੈੜਾ | ´bhaiṛá, bad |
| ਪੀਲਾ | ´pílá, yellow | ਮਾੜਾ | ´máṛá, bad |
| ਭੂਰਾ | ´bhúrá, brown | | |
| ਲਾਲ | lál, red | ਨਿੱਕਾ | ´nikká, small |
| ਤੰਗ | tãg, narrow | ਖੁਲ੍ਹਾ | khulá, open. |

## Pattern - 6

### Imperative (Command)

| | | | |
|---|---|---|---|
| ਤੂੰ ਚਲ | or ਚਲ | ਤੁਸੀਂ ਚਲੋ | or ਚਲੋ |
| you go | go | you go | go |
| (Sing.) | | (Pl.) | |

1. ਤੂੰ, like 'thou' in English, is a familiar form. Foreigners should avoid this form.

2. The plural form [ਤੁਸੀਂ] ਚਲੋ is used for singular as well as for plural, exactly as in English. ਤੁਸੀਂ is honorific and plural, too.

3. ਚਲ is, in fact, the root form which is used as imperative 2nd person singular. Here, too, Panjabi and English treatment is similar.

4. Note that we can use the verb without the pronoun in imperative mood, as in English. The pronoun is used for emphasis.

VOCABULARY

| | |
|---|---|
| ਉੱਠ, get up | pl. ਉਠੋ |
| ਬੈਠ, sit | pl. ਬੈਠੋ |
| ਚਲ, go | pl. ਚਲੋ |
| ਪੜ੍ਹ, read | pl. ਪੜ੍ਹੋ |
| ਜਾ, go | pl. ਜਾਓ |
| ਆ, come | pl. ਆਓ |
| ਲਿਖ, write | pl. ਲਿਖੋ |
| ਦੇ, give | pl. ਦੇਓ |
| ਕਰ, do | pl. ਕਰੋ। |

[ਤੂੰ] ਘਰ ਚਲ। [ਤੁਸੀਂ] ਘਰ ਚਲੋ। [ਤੂੰ] ਹਸਪਤਾਲ ਜਾ। [ਤੁਸੀਂ] ਹਸਪਤਾਲ ਜਾਓ। [ਤੂੰ] ਮੇਰੀ ਕਲਮ ਦੇ। [ਤੁਸੀਂ] ਕਿਤਾਬ ਪੜ੍ਹੋ। [ਤੂੰ] ਉਠ।

You remember that the verb in a Panjabi sentence comes at the end.

The negative is expressed by ਨਾ put before the verb—ਨਾ ਬੈਠ। But for emphasis ਨਹੀਂ is used after the verb—ਜਾਓ ਨਹੀਂ, do not go.

## Pattern - 7

### Infinitive

Cf. Pattern 5.

ਲਿਖਣਾ ਚੰਗਾ ਕੰਮ ਹੈ।
to write good work is To write is a good work.

ਘਰ ਜਾਣਾ ਅੱਛਾ ਹੈ।

home to go good is — It is good to go home.

ਕੰਮ ਕਰਨਾ ਸੌਖਾ ਹੈ।

work to do easy is — To do work is easy.

ਕਿਤਾਬ ਨਾ ਪੜ੍ਹਨਾ ਚੰਗਾ ਕੰਮ ਨਹੀਂ ਹੈ।

Book not to read good work not is.

Not to read a book is not a good work.

1. Root plus -ਣਾ is the infinitive form. In dictionaries, verbs are given in their infinitive form, and we can say that the root is obtained by eliminating -ਣਾ at the end.

2. If the root ends in -ਣ, -ੜ or -ਰ, the infinitive termination is -ਨਾ. This is phonetically more convenient. Thus, ਪੜ੍ਹਨਾ, to read, ਕਰਨਾ, to do, ਸੁਣਨਾ, to hear.

3. The verbal phrase with infinitive follows the ordinary rule of keeping the verb (i.e. the infinitive) at the end. Compare —

| | |
|---|---|
| Eng. to go home, | Panj. ਘਰ ਜਾਣਾ। |
| Eng. to do a good work, | Panj. ਚੰਗਾ ਕੰਮ ਕਰਨਾ। |

4. The place of ਨਾ, not, is the same as in Engish.

5. The infinitive often serves the purpose of the imperative. Examples —

ਤੁਸੀਂ ਘਰ ਜਾਣਾ
you home to go. 'You go home.

ਘਰ ਬੈਠਣਾ
Sit in the house.

ਸਕੂਲ ਨਾ ਜਾਣਾ, Do not go to school.

## Vocabulary

| | | | |
|---|---|---|---|
| ਖਾਣਾ | to eat | ਸੌਣਾ | to sleep |
| ਪੀਣਾ | to drink | ਜਾਗਣਾ | to wake up |
| ਵੇਖਣਾ | to see | ਪੜ੍ਹਨਾ | to read |
| ਦੌੜਨਾ | to run | ਲਿਖਣਾ | to write |
| ਹਸਣਾ | to smile | ਸੁਣਨਾ | to listen |
| ਰੋਣਾ | to weep | ਛੂਹਣਾ | to touch. |

Roots end in a consonant or in -ਆ, -ਈ, -ਊ, -ਏ, -ਐ, -ਓ, -ਔ।

## Pattern - 8

| | |
|---|---|
| ਉਹ ਕੀ ਕਰਦਾ ਹੈ ? He what doing is ? | What is he doing ? or, What does he do ? |

ਉਹ ਪੜ੍ਹਦਾ ਹੈ, he is reading, ਉਹ ਉਠਦਾ ਹੈ, he rises; ਉਹ ਬੈਠਦਾ ਹੈ, he sits; ਉਹ ਕੰਮ ਕਰਦਾ ਹੈ, he is doing work; ਉਹ ਕਿਤਾਬ ਪੜ੍ਹਦਾ ਹੈ, he is reading a book.

1. We find that the present tense (mas, sing.) is formed by adding - ਦਾ to the root, and supplementing it with sing. ਹੈ or pl. ਹਨ।

2. But, if the root ends in a vowel, the latter is nasalized; as : ਜਾਂਦਾ goes; ਪੀਂਦਾ, drinks; ਲੈਂਦਾ, takes; ਦੇਂਦਾ, gives; ਛੂਹਦਾ, touches; ਰੋਂਦਾ, weeps; ਸੌਂਦਾ, sleeps.

3. If the root ends in -á, we have a u-glide optionally. as ਗਾਉਂਦਾ, sings, or ਗਾਂਦਾ, sings.

4. In fact, in these cases –ਦਾ is a present participle form; and because participles behave like adjectives, the form is declined in gender and number. See pattern 4 also.

Masc. sing. -ā ਬੱਚਾ ਬੋਲਦਾ ਹੈ। ਕੁੱਤਾ ਟੁਰਦਾ ਹੈ। ਚਿੜਾ ਗਾਂਦਾ ਹੈ।
the child speaks. the dog walks. a he-sparrow sings.

Masc. pl -e ਡਾਕਟਰ ਕੀ ਕਹਿੰਦੇ ਹਨ ?
what do doctors say ?
ਸਾਧੂ ਨਹੀਂ ਡਰਦੇ ਹਨ।
Sádhus do not fear.

Fem. sing. -ī ਬੱਚੀ ਕੀ ਆਖਦੀ ਹੈ? ਕੁੱਤੀ ਦੌੜਦੀ ਹੈ।
what does a female child say? A bitch runs.
ਚਿੜੀ ਗਾਂਦੀ ਹੈ।
A she-sparrow sings.

Fem. pl. īã ਕੁੜੀਆਂ ਨਚਦੀਆਂ ਹਨ। ਮਾਵਾਂ ਕੰਮ ਕਰਦੀਆਂ ਹਨ।
Girls dance. Mothers do work.

5. Note that in the present tense, the auxiliary verb ends the sentence and has no gender.

6. When an assertion is made, or a natural fact stated, the

English words *is* and *are* rendered by ਹੁੰਦਾ ਹੈ, ਹੁੰਦੇ ਹਨ, etc, as ਕੁੱਤਾ ਗੰਦਾ ਹੁੰਦਾ ਹੈ a dog is ugly; ਮਾਂਵਾਂ ਚੰਗੀਆਂ ਹੁੰਦੀਆਂ ਹਨ, mothers are good.

7. ਉਹ ਕੀ ਕਰਦਾ ਹੈ ? ਉਹ ਕੀ ਕਰਦੇ ਹਨ ? ਉਹ ਕੀ ਕਰਦੀ ਹੈ ? ਉਹ ਕੀ ਕਰਦੀਆਂ ਹਨ ? are useful sentences. By asking such questions, the learners can get any number of verbs from native speakers.

### VOCABULARY

| | |
|---|---|
| ਬੱਚਾ, male child | ਬੋਲਣਾ, to speak |
| ਬੱਚੀ, female child | ਕਹਿਣਾ, ਆਖਣਾ, to say |
| ਕੁੱਤਾ, dog | ਟੁਰਨਾ, to walk |
| ਕੁੱਤੀ, bitch | ਗਾਣਾ, to sing |
| ਚਿੜਾ, he-sparrow | ਡਰਨਾ, to fear |
| ਚਿੜੀ, she-sparrow | ਦੌੜਨਾ, to run |
| ਹੋਣਾ, to become, to be | ਨਚਣਾ, to dance. |

## Pattern - 9

### Present Tense — 1st and 2nd Persons

| | | |
|---|---|---|
| Mas. sing. | ਮੈਂ ਕੀ ਕਰਦਾ ਹਾਂ ?<br>I what doing am | ਤੂੰ ਨ੍ਹਾਂਦਾ ਹੈਂ।<br>You bathing are |
| Fem. sing. | ਮੈਂ ਕੀ ਕਰਦੀ ਹਾਂ?<br>What am I doing ? | ਤੂੰ ਪੜ੍ਹਦੀ ਹੈ।<br>You are reading. |
| Mas. pl. | ਅਸੀਂ ਕੀ ਕਰਦੇ ਹਾਂ ?<br>What do we do ? | ਤੁਸੀਂ ਘਰ ਜਾਂਦੇ ਹੋ।<br>You are going home. |
| Fem. pl. | ਅਸੀਂ ਕੀ ਕਰਦੀਆਂ ਹਾਂ ?<br>What are we (ladies) doing ?<br>ਤੁਸੀਂ ਤੁਰਦੀਆਂ ਹੋ।<br>You (ladies) are walking. | |

1. In English 'we go' or 'you go', the gender is not clear; but in the Panjabi form, gender is made clear in the participle. Hence the declension of the verbal form according to gender is very significant and essential. But it is not difficult.

2. The participle changes with gender and number, and the auxiliary verb with number and person.

3. The following are the forms of the auxiliary verb, ਹੋਣਾ, to be, in present tense—

| | Sing. | Pl. |
|---|---|---|
| 3rd per. | ਹੈ | ਹੈਨ (ਹਨ) |
| 2nd per. | ਹੈਂ | ਹੋ |
| 1st per. | ਹਾਂ | ਹਾਂ |

4. The auxiliary forms, above, also show 'existence' — he is a boy ਉਹ ਮੁੰਡਾ ਹੈ। you are good, ਤੂੰ ਚੰਗਾ ਹੈਂ, ਤੁਸੀਂ ਚੰਗੇ ਹੋ। I am a doctor, ਮੈਂ ਡਾਕਟਰ ਹਾਂ, etc.

[SUBSTITUTE OTHER MAIN VERBS IN THE MODEL SENTENCES]

### Vocabulary

| | | | |
|---|---|---|---|
| ਮੈਂ | I | | |
| ਅਸੀਂ | we | ਡੁਬਣਾ | to sink, to be drowned. |
| ਨਹਾਣਾ | to bathe | ਪੁਛਣਾ | to ask |
| ਧੋਣਾ | to wash | ਲੜਨਾ | to quarrel |
| ਸੋਚਣਾ | to think | ਰੁਕਣਾ | to stop |
| ਤੈਰਨਾ | to swim | ਖਲੋਣਾ | to stay, to stop. |

## Pattern - 10

### The Object

ਤੂੰ ਕੀ ਖਾਂਦਾ ਹੈਂ ?

You what eat — What do you eat ?

ਮੈਂ ਰੋਟੀ ਖਾਂਦਾ ਹਾਂ।

I bread am eating. — I eat bread.

ਉਹ ਕੀ ਕਰਦਾ ਹੈ ? — What does he do ?

ਉਹ ਚੀਜ਼ਾਂ ਲੈਂਦਾ ਹੈ। — He takes articles.

ਵੱਡਾ ਡਾਕਟਰ ਮੇਰੀ ਉਂਗਲੀ ਵੇਖਦਾ ਹੈ। Big doctor my finger sees.

The senior doctor examines my finger.

1. You know the general principle that the verb in a Panjabi sentence comes at the end of a sentence. It means that the object must

come before it.

2. In the last sentence above, the order is : Subject (preceded by its adjective), Object (preceded by its adjective) and verb ending in its auxiliary.

[STYDY THE FOLLOWING TRANSITIVE VERBS AND USE THEM IN SENTENCES USING OBJECTS GIVEN IN COLUMN 2.]

### VOCABULARY

| | | | |
|---|---|---|---|
| ਖਾਣਾ | to eat | ਅੰਗੂਰ | grape |
| ਖਰੀਦਣਾ | to buy | ਕੇਲਾ | banana |
| ਵੇਚਣਾ | to sell | ਅੰਬ | mango |
| ਦੇਣਾ | to give | ਅਨਾਰ | pomegranate |
| ਲੈਣਾ | to take | ਫਲ | fruit |
| ਕਟਣਾ | to cut | ਫੁੱਲ | flower |
| ਫੜਨਾ | to catch, to take hold of | ਸਬਜ਼ੀ | vegetable. |

Also Compare Panjabi and English structure in—

ਮੇਰੀ ਕਲਮ ਦੇ, give my pen (pattern 6); (ਤੁਸੀਂ) ਕਿਤਾਬ ਪੜ੍ਹੋ, (you) read the book (pattern 6); ਉਹ ਕੀ ਕਰਦਾ ਹੈ ? What does he do (pattern 8); ਮਾਂਵਾਂ ਕੰਮ ਕਰਦੀਆਂ ਹਨ, mothers do work (pattern 8).

## REVISION : Patterns 1-10

### 4.2 Nouns

**A. Masculine**

ਅੰਗੂਰ ãgúr, grape

ਅੰਬ ãb, amb, mango

ਅਨਾਰ a´nár, pomegranate

ਅਫ਼ਸਰ ´afsar, officer

ਆਦਮੀ ´ádm´, man

ਸਕੂਲ sa´kúl, school

ਸਟੇਸ਼ਨ sa´ṭeshan, (Rly.) station

ਚਿੜਾ ´chiṛá, he-sparrow

ਛਤ ´chhat, roof, ceiling

ਡਾਕਖਾਨਾ ´ḍákkhháná, post-office

ਡਾਕਟਰ ´ḍákṭar, doctor

ਦਰਵਾਜ਼ਾ darvázá, door

ਨੌਕਰ ´naukar, servant

ਫ਼ਰਸ਼ ´farash, floor

ਫਲ phal, fruit

ਸਾਧੂ 'sádhú, mendicant
ਹਸਪਤਾਲ 'haspatál, hospital
ਕੰਮ kamm, work
ਕਾਗਜ਼ 'kágaz, paper
ਕੁੱਤਾ 'kuttá, dog
ਕੁਲੀ 'kulí, porter
ਕੇਲਾ 'kelá, banana
ਘਰ ghar, house, home

ਫੁੱਲ phull, flower
ਬੱਚਾ 'bachchá, child
ਬਜ਼ਾਰ ba'jár, market
ਮਕਾਨ ma'kán, house
ਮਾਸਟਰ 'másṭar, master
ਮਾਲਕ 'málak, master, owner
ਮੁੰਡਾ 'mũḍá, boy.

The plural of masculine nouns ending in -á is formed by substituting -e for -á.

**B. Feminine**

ਅਲਮਾਰੀ al'márí, shelf
ਸਬਜ਼ੀ 'sabzí, vegetable
ਕਲਮ 'kalam, pen
ਕਾਪੀ 'kápí, exercise book
ਕਿਤਾਬ ki'táb, book
ਕੁੱਤੀ 'kuttí, bitch
ਕੁਰਸੀ 'kursí, chair
ਕੁੜੀ kuṛí, girl

ਚਿੜੀ 'chiṛí, she-sparrow
ਡਾਕ (in ਡਾਕਖ਼ਾਨਾ) dák, post
ਦਵਾਤ da'vát, inkpot
ਦੀਵਾਰ di'vár, wall
ਪਿਨਸਲ. ਪਿੰਸਲ 'pinsal, pencil
ਬੱਚੀ 'bachchí, female child
ਬਾਰੀ 'bárí, window
ਮਾਂ mã́, mother.

The plural of feminine nouns is formed by adding -ã́. But, if a word ends in -á, a ਵ—glide is inserted before -ã́, as in ਮਾਂਵਾਂ mã́vã́, mothers.

## 4.3 Verbs

ਆਖਣਾ ákhṇá, to say
ਉਠਣਾ uṭhṇá, to get up
ਸੁਣਨਾ suṇná, to hear
ਸੋਚਣਾ sochṇá, to think
ਸੌਣਾ saũṇá, to sleep
ਹਸਣਾ hasṇá, to smile, to laugh
ਹੋਣਾ hoṇá, to be
ਕਹਿਣਾ kahiṇá, to say
ਕਟਣਾ kaṭṇá, to cut

ਟੁਰਨਾ ṭurná, to walk
ਡਰਨਾ ḍarná, to fear
ਡੁਬਣਾ ḍubṇá, to sink, to be drowned
ਤੈਰਨਾ tairná, to swim
ਦੇਣਾ deṇá, to give
ਦੌੜਨਾ daũṛná, to run
ਧੋਣਾ dhoṇá, to wash
ਨਚਣਾ nachṇá, to dance
ਨ੍ਹਾਣਾ nháṇá, to bathe

ਕਰਨਾ karná, to do
ਖਰੀਦਣਾ kharídṇá, to buy
ਖਲੋਣਾ, ਖੜੋਣਾ khal (ṛ)oṇá, to stand, to stay
ਖਾਣਾ kháṇá, to eat
ਗਾਣਾ gáṇá, to sing
ਚਲਣਾ chalṇá, to walk
ਛੂਹਣਾ chhúhṇá, to touch
ਜਾਣਾ jáṇá, to go
ਜਾਗਣਾ jágṇá, to wake up
ਲੈਣਾ laiṇá, to take
ਵੇਚਣਾ vechṇá, to sell
ਪੜ੍ਹਨਾ paṛhná, to read
ਪੀਣਾ píṇá, to drink
ਪੁਛਣਾ puchhṇá, to ask
ਫੜਨਾ phaṛná, to catch
ਬੈਠਣਾ baiṭhṇá, to sit
ਬੋਲਣਾ bolṇá, to speak
ਰੁਕਣਾ rukṇá, to stop
ਰੋਣਾ roṇá, to weep
ਲੜਨਾ laṛná, to quarrel
ਲਿਖਣਾ likhṇá, to write
ਵੇਖਣਾ vekhṇá, to see.

If you omit -ਣਾ, you get the root. The infinitive as well as the root serves as imperative (command). If we add—o to the root, we get plural form of imperative which is also used to signify singular. If we add -ਦਾ to the root, nasalizing the vowel if it is then final, we get present participle which is declinable in gender and number—mas. sing. -ਦਾ, mas. pl. -ਦੇ, fem. sing. -ਦੀ, fem. pl. -ਦੀਆਂ।

[MAKE ROOTS, IMPERATIVES AND PRESENT PARTICIPLES FROM EACH OF THE ABOVE INFINITIVES].

For the form of the auxiliary ਹੋਣਾ, to be, in present tense, see under pattern 9.

### 4.4 Other Parts of Speech

**A. Adjectives**

ਅੱਛਾ ´achchhá, good
ਉੱਚਾ ´uchchá, high
ਸਾਫ਼ sáf, clean, clear
ਗੰਦਾ ´gãdá, dirty
ਛੋਟਾ ´chhoṭá, small, short
ਜਵਾਨ ja´ván, young
ਤੇਰਾ ´terá, your, yours
ਨੱਵਾਂ ´navvã, new
ਨੀਵਾਂ ´nívã, low
ਪੁਰਾਣਾ pu´ráṇá, old
ਮੇਰਾ ´merá, my, mine
ਲੰਬਾ ´lãbá, long, tall.

Adjectives ending in -á take -e in plural, -í in fem. sing. and -íã in fem. pl., thus, ਮੇਰਾ, ਮੇਰੇ, ਮੇਰੀ, ਮੇਰੀਆਂ।

Cardinal numerals—ਇਕ ik, one; ਦੋ do, two; ਤਿੰਨ tin, three; ਚਾਰ chár, four; ਪੰਜ pãj, five; ਛੇ chhe, six; ਸਤ sat, seven; ਅਠ aṭh, eight;

ਨੌ nãũ, nine; ਦਸ das, ten.

Cardinal numerals do not change in number and gender.

**B. Pronouns**

| | | |
|---|---|---|
| ਮੈਂ mãĩ, I | ਤੂੰ tũ, thou | ਇਹ ih, he, she it, they, this, these. |
| ਅਸੀਂ assĩ, we | ਤੁਸੀਂ tussĩ, you | |
| | ਕੀ kí, what | ਉਹ uh, he, she, it, they, that, those. |

The pronouns have no gender.

**C. Indeclinables**

Adverbs — ਨਾ, ਨਹੀਂ ná, nâĩ, not.

Interjections — ਹਾਂ hã, yes; ਜੀ jí, please; ਨਹੀਂ nâĩ, no.

## 4.5 Text A

ਉਹ ਹੈ। He (it, she) is. ਉਹ ਨਹੀਂ ਹੈ। He (it, she) is not (there). ਉਹ ਘਰ ਨਹੀਂ ਹੈ। He (she) is not at home. ਇਹ ਬਾਰੀ ਹੈ। It is a window. ਇਹ ਉੱਚੀ ਕੁਰਸੀ ਹੈ। This is a high chair. ਇਹ ਕਲਮ ਤੇਰੀ ਨਹੀਂ ਹੈ। This pen is not yours. ਉਹ ਕੇਲੇ ਚੰਗੇ ਹਨ। Those bananas are good. ਮੇਰੇ ਬੱਚੇ ਵੱਡੇ ਹਨ। My children are big (grown up). ਤੇਰੀਆਂ ਨਵੀਆਂ ਕਾਪੀਆਂ ਅੱਛੀਆਂ ਹਨ। Your new exercise books are good. ਉਹ ਜਵਾਨ ਡਾਕਟਰ ਨਵਾਂ ਹੈ। That young doctor is new. ਤੇਰੇ ਪੈਰ ਗੰਦੇ ਹਨ। Your feet are dirty. ਇਹ ਦੋ ਕੁੜੀਆਂ ਛੋਟੀਆਂ ਹਨ। These two girls are small.

## 4.6 Text B

(ਤੁਸੀਂ) ਬੈਠੋ। ਮੈਂ ਕੰਮ ਕਰਦਾ ਹਾਂ। ਤੁਸੀਂ ਕੀ ਕਰਦੇ ਹੋ ? ਮੈਂ ਸੰਗਤਰਾ ਖਾਂਦਾ ਹਾਂ। (ਤੂੰ) ਬਾਂਦਰ ਵੇਖ। ਚਲ, ਕੰਮ ਕਰ। ਉਹ ਪੰਜ ਆਦਮੀ ਜਾਂਦੇ ਹਨ। ਇਹ ਸਕੂਲ ਹੈ। ਉਹ ਵੱਡਾ ਸਟੇਸ਼ਨ ਹੈ। ਇਹ ਮੁੰਡੇ ਕੀ ਕਰਦੇ ਹਨ ? ਤੁਸੀਂ ਕੀ ਕਰਦੀਆਂ ਹੋ? ਅਸੀਂ ਕਿਤਾਬਾਂ ਪੜ੍ਹਦੀਆਂ ਹਾਂ। ਉਹ ਕਾਗਜ਼ ਲੈਂਦੀਆਂ ਹਨ। ਕੀ ਇਹ ਮਕਾਨ ਤੇਰਾ ਹੈ ? ਹਾਂ ਜੀ, ਇਹ ਮਕਾਨ ਮੇਰਾ ਹੈ। ਤੇਰੇ ਦੰਦ ਸਾਫ਼ ਨਹੀਂ ਹਨ? ਜੀ, ਸਾਫ਼ ਹਨ।

(You) sit. I do work. What are you doing? I am eating an orange. (You) see a monkey. Go, (and) do work. Those five men are going (there). It is a school. That is the big station. What do these boys do? What do you (ladies) do? We (ladies) read books. They (ladies) take paper. Is this house yours? Yes please, this house is mine. Are not your teeth clean? Well, (they) are clean.

## 4.7 Text C

ਇਕ ਮੁੰਡਾ ਉਠਦਾ ਹੈ, ਨ੍ਹਾਉਂਦਾ ਹੈ, ਕੰਮ ਕਰਦਾ ਹੈ, ਪੜ੍ਹਦਾ ਹੈ, ਲਿਖਦਾ ਹੈ।
A boy gets up, takes bath, does work, reads, writes.
ਉਹ ਕਿਤਾਬ ਛੂੰਹਦਾ ਹੈ, ਫੜਦਾ ਹੈ, ਵੇਖਦਾ ਹੈ, ਲੈਂਦਾ ਹੈ।
He touches the book, grasps, sees, takes (it).
ਨੌਕਰ ਨਵੀਆਂ ਕੁਰਸੀਆਂ ਖਰੀਦਦਾ ਹੈ, ਪੁਰਾਣੇ ਮੇਜ਼ ਵੇਚਦਾ ਹੈ।
The servant buys new chairs, sells old tables.
ਡਾਕਟਰ ਕਾਗਜ਼ ਗੰਦੇ ਕਰਦਾ ਹੈ, ਸੋਚਦਾ ਹੈ, ਹਸਦਾ ਹੈ।
The doctor makes the papers dirty, thinks, smiles.
ਕੁੜੀਆਂ ਘਰ ਜਾਂਦੀਆਂ ਹਨ, ਕੰਮ ਕਰਦੀਆਂ ਹਨ,
Girls go home, do work,
ਨਚਦੀਆਂ ਗਾਂਦੀਆਂ ਹਨ। ਬੱਚੀਆਂ ਸਬਜ਼ੀ ਫਲ ਖਾਂਦੀਆਂ ਹਨ।
dance (and) sing. Female children eat vegetable fruit.
ਬੱਚੇ ਕੇਲੇ ਲੈਂਦੇ ਹਨ।
Male children take bananas.

## Pattern - 11

**Compare with pattern 1.**

a. ਉਹ ਕੌਣ ਹੈ?

| | | |
|---|---|---|
| He who is | Who is he ? | ਕੌਣ = Who. |
| ਉਹ ਡਾਕਟਰ ਹੈ। | | |
| He doctor is. | He is a doctor. | |
| ਉਹ ਮੇਰਾ ਭਾਈ ਹੈ। | | |
| He is my brother. | | ਭਾਈ = brother. |

The reply to ਉਹ ਕੌਣ ਹੈ ? can be simply 'ਡਾਕਟਰ' or 'ਮੇਰਾ ਭਾਈ'। So ਕੌਣ of the question is just replaced by the name of a person.

| | |
|---|---|
| ਉਹ ਕੌਣ ਹਨ ? | Who are they? |
| ਉਹ ਮੇਰੀਆਂ ਭੈਣਾਂ ਹਨ। | They are my sisters. |

The order of words in both the sentences is the same in Panjabi, but not so in English.

b. Q. ਉਹ ਕੌਣ ਜਾਂਦਾ ਹੈ?

He who goes Who goes (there) ?

A. ਮੇਰਾ ਭਾਈ।

my brother. Or

ਮੇਰਾ ਭਾਈ ਜਾਂਦਾ ਹੈ। Here ਭਾਈ will be stressed.

My brother goes (is going).

[INTRODUCE OTHER VERBS IN QUESTIONS OF B TYPE & INTRODUCE SUITABLE NOUNS IN REPLY].

VOCABULARY

| | | | |
|---|---|---|---|
| ਨਾਈ | barber | ਭਰਾ | brother |
| ਮੋਚੀ | cobbler | ਭਾਈ | brother |
| ਦੁਕਾਨਦਾਰ | shop-keeper | ਭੈਣ | sister |
| ਕਲਰਕ | clerk | ਮਾਤਾ | mother |
| ਭੰਗੀ | sweeper | ਪਿਤਾ | father |
| ਕੌਣ | Who? | ਚਾਚਾ | uncle, father's younger brother. |

ਭਰਾ does not change its —á into —e in plural or oblique form.

## Pattern -12 A

ਇਹ ਕਿਸ ਦਾ ਘਰ ਹੈ ?

This whose of house is Whose house is this?

ਇਹ ਮੋਚੀ ਦਾ ਘਰ ਹੈ।

It is cobbler's house.

Note 1. ਕਿਸ is the oblique form of ਕੌਣ, i.e. the form ready to receive any postposition (see next three patterns for postpositions), ਦਾ, of, is a postposition, showing possession. What is a preposition in English is a postposition in Panjabi.

2. ਦਾ makes possessive adjective of the noun or pronoun which precedes it. Thus, ਕਿਸ ਦਾ=whose; ਲਕੜੀ ਦਾ=wooden (*lit.* of wood); ਲੋਹੇ ਦਾ=of iron; ਮੋਚੀ ਦਾ=cobbler's.

3. Note the relationship between the possessor and the possessed and also the word-order. If we translate all such word-groups into possessive case (with apostrophe's) in English, the word-order would be easily understood.

| | | |
|---|---|---|
| ਮੁੰਡੇ ਦਾ ਭਰਾ | ਮਕਾਨ ਦੀ ਬਾਰੀ | ਕਿਸ ਦਾ ਨੌਕਰ |
| boy's brother | house's window | whose servant |

4. On the pattern of ਕਿਸ ਦਾ, we can form possessive cases of other 3rd person pronouns ਉਹ, ਉਸਦਾ; ਇਹ, ਇਸ ਦਾ।

5. ਦਾ is a sign of possessive adjective, and we know that adjectives ending in -á change in gender and number agreeing with the noun possessed.

Fem. sing. ਇਹ ਲਕੜੀ ਦੀ ਕੁਰਸੀ ਹੈ।
It wood's chair is. It is a wooden chair.

Fem. pl. ਇਹ ਮੇਰੀਆਂ ਕਿਤਾਬਾਂ ਹੈਨ (ਹਨ)।
These are my books.
ਇਹ ਉਸ (ਇਸ) ਦੀਆਂ ਦਵਾਤਾਂ ਹੈਨ।
These are his inkpots.

Mas. sing. ਇਹ ਮੇਰੇ ਮਕਾਨ ਦੀ ਛੱਤ ਹੈ।
This is my house's roof.
This is the roof of my house.

Mas. pl. ਇਹ ਮੇਰੇ ਮਕਾਨ ਦੇ ਦਰਵਾਜੇ ਹਨ।
These are the doors of my house.
ਮੇਰਾ is equal to ਮੈਂ ਦਾ (of I, my, mine)

## Pattern - 12 B

### Postpositions ਨੂੰ, ਤੋਂ, ਤੇ

ਨੂੰ, to
ਕਿਥੇ, where?
ਘੋੜਾ, horse
ਤੋਂ, from (ਥੋਂ is a phonetic variant)
ਚਾਕੂ, knife
ਤੇ, on
ਮਾਰਨਾ, to beat.

ਘੋੜੇ ਨੂੰ ਪਾਣੀ ਦੇ
horse to. water give. Give water to the horse.

ਮੈਂ ਕਿਸ ਨੂੰ ਚਾਕੂ ਮਾਰਦਾ ਹਾਂ?
I whom to knife strike. Whom do I stab the knife?

ਬੱਚੇ ਤੋਂ ਚਾਕੂ ਨਾ ਲਓ
Child from knife not take. Do not take the knife from the child.

ਕੁਰਸੀ ਤੇ ਨਾ ਬੈਠ।

Chair on not sit. Do not sit on the chair.

ਉਹ ਕਿਥੇ ਬੈਠਦਾ ਹੈ ?

He where sits ? Where does he sit ?

It is to be reminded that all postpositions must follow an oblique form of the noun or pronoun they govern. The oblique forms are detailed below —

a **Nouns :**

| | Masculine: Nouns ending in —á | Masculine: Others | Feminine |
|---|---|---|---|
| Sing. | —á> -e ਮੁੰਡੇ | no change ਨੌਕਰ | Sing. no change ਕੁੜੀ, ਕਿਤਾਬ |
| Pl. | —á> -iã ਮੁੰਡਿਆਂ | add. -ã, ਨੌਕਰਾਂ | Pl. ordinary plural form ਕੁੜੀਆਂ, ਕਿਤਾਬਾਂ |

Thus we get ਮੁੰਡੇ ਨੂੰ, ਮੁੰਡਿਆਂ ਨੂੰ, ਕੁੜੀ ਨੂੰ, ਕੁੜੀਆਂ ਨੂੰ।

b **Pronouns :**

3rd. per. sing. ਇਸ, ਉਸ, ਕਿਸ—ਕਿਸ ਤੋਂ, ਉਸਨੂੰ, ਇਸ ਤੇ

3rd. per. pl. ਇਨ੍ਹਾਂ, ਉਨ੍ਹਾਂ, ਕਿਨ੍ਹਾਂ—ਇਨ੍ਹਾਂ ਨੂੰ, ਉਨ੍ਹਾਂ ਤੋਂ, ਕਿਨ੍ਹਾਂ ਤੇ

2nd. per. sing. ਤੈਂ, ਤੈ—ਤੈਨੂੰ, to you; ਤੈਥੋਂ from you.

2nd. per. pl. ਤੁਸਾਂ—ਤੁਸਾਂ ਤੇ, on you.

1st per. sing. ਮੈਂ, ਮੈ—ਮੈਨੂੰ, to me, ਮੈਥੋਂ, from me.

1st per. pl. ਅਸਾਂ—ਅਸਾਂ ਨੂੰ, ਅਸਾਂ ਤੋਂ, ਅਸਾਂ ਤੇ।

ਅਸਾਂ ਨੂੰ is economized in ਸਾਨੂੰ, which is more common.

## Pattern - 12 C

### The postpositions

ਨਾਲ, ਨਾਲੋਂ, ਲਈ, ਵਿਚ, ਕੋਲ, ਕੋਲੋਂ

| | | | |
|---|---|---|---|
| ਨਾਲ | with | ਚਾਕੂ | pen-knife |
| ਨਾਲੋਂ | from | ਛੁਰੀ f. | knife |
| ਲਈ | for | ਚਮੱਚ f. | spoon |
| ਵਿਚ | in | ਰਖਣਾ | to keep |
| ਕੋਲ | near | ਪੁਛਣਾ | to ask |
| ਕੋਲੋਂ | from near | ਵਢਣਾ | to cut. |

1. ਮੈਂ ਚਾਕੂ ਨਾਲ ਵਢਦਾ ਹਾਂ।
I knife with cut. — I cut with a knife.
2. ਤੁਸੀਂ ਕਿਸ ਲਈ ਪੁਛਦੇ ਹੋ ?
You what for ask? — What do you ask for ?
3. ਮੇਰੇ ਕੋਲੋਂ ਛੁਰੀ ਨਾ ਲਓ।
Me from knife not take. — Do not take the knife from me.
4. ਚੱਮਚ ਉਸਦੇ ਕੋਲ ਰਖ।
Spoon him (her) near keep. — Keep the spoon near him (her).

Note 'the' full form of postpositions is ਦੇ ਨਾਲ, ਦੇ ਨਾਲੋਂ, ਦੇ ਲਈ, ਦੇ ਵਿਚ, ਦੇ ਕੋਲ, ਦੇ ਕੋਲੋਂ, as in sentence No. 3 above. 'ਦੇ' is, sometimes, omitted after nouns or pronouns for the sake of economy of effort, and this form is getting more popular.

You know that the 1st person possessive case is ਮੇਰਾ, my, and 2nd person ਤੇਰਾ, thine (not ਮੈਂ ਦਾ or ਤੈਂ ਦਾ). In pl. ਅਸਾਂ ਦਾ becomes ਸਾਡਾ, our, and ਤੁਸਾਂ ਦਾ becomes ਤੁਸਾਡਾ and even ਤੁਹਾਡਾ, your, yours.

## Pattern - 12 D

### Postpositions

ਦੇ ਉਪਰ (ਉੱਤੇ), ਦੇ ਤਲੇ, ਦੇ ਅੱਗੇ, ਦੇ ਪਿੱਛੇ, ਦੇ ਪਿੱਛੋਂ (ਮਗਰੋਂ)
ਦੇ ਸਾਮ੍ਹਣੇ, ਦੇ ਅੰਦਰ, ਦੇ ਬਾਹਰ, ਦੇ ਨੇੜੇ

| | | | |
|---|---|---|---|
| ਉਪਰ | over, on | ਅੰਦਰ | inside |
| ਉੱਤੇ | on | ਬਾਹਰ | outside |
| ਤਲੇ | below | ਨੇੜੇ | near |
| ਅੱਗੇ | in front | ਸਾਮ੍ਹਣੇ | opposite |
| ਪਿੱਛੇ | behind | ਮਗਰੋਂ, ਪਿੱਛੋਂ | after. |

The same words (without ਦੇ) can also be used as adverbs. Compare —

| | *Postposition* | *Adverb* |
|---|---|---|
| 1. | ਮੇਜ਼ ਦੇ ਉਪਰ (ਉੱਤੇ) ਰੱਖ। | ਉਪਰ ਜਾ। |
| | Put (it) on the table. | go up. |
| 2. | ਮੇਰੇ ਪਿੱਛੇ ਨਾ ਆਉਣਾ। | ਪਿੱਛੇ ਹਟ |
| | Do not come behind me. | move/get behind. |

| | | |
|---|---|---|
| 3. | ਕਮਰੇ ਦੇ ਅੰਦਰ/ਬਾਹਰ ਕੀ ਹੈ ?<br>What is there inside/outside the room ? | ਅੰਦਰ/ਬਾਹਰ ਜਾ।<br>go inside/outside. |
| 4. | ਉਹ ਘਰ ਦੇ ਸਾਮ੍ਹਣੇ ਬੈਠਦਾ ਹੈ।<br>he sits in front of the house. | ਸਾਮ੍ਹਣੇ ਖਲੋ।<br>stand in front. |
| 5. | ਮੈਂ ਕਮਰਿਆਂ ਦੇ ਨੇੜੇ ਕੁਰਸੀਆਂ ਰਖਦਾ ਹਾਂ।<br>I keep chairs near the rooms. | ਨੇੜੇ ਆ।<br>come near. |

No further comments are needed, as it is not a different pattern. Only the postpositions are different.

## Pattern - 12 E

### Adjectives in oblique form

ਇਹ ਮੇਰੇ ਬੱਚੇ ਦਾ ਚੋਲਾ ਹੈ। This is *my child's* shirt.

ਉਹ ਪਿਛਲੇ ਮਹੀਨੇ ਤੋਂ ਕੰਮ ਕਰਦਾ ਹੈ। He has been working since the *last* month.

ਉਸਦਾ ਦਫ਼ਤਰ ਅਗਲੀ ਗਲੀ ਵਿਚ ਹੈ। His office is in the *next* street.

ਆਮ ਆਦਮੀਆਂ ਨੂੰ ਇਹਦਾ ਪਤਾ ਨਹੀਂ ਹੈ। *Common* people have no knowledge *of it.*

ਪੱਕੇ ਮਕਾਨ ਦੇ ਅੱਗੇ ਗਾਂ ਬੈਠੀ ਹੈ। A cow is sitting in front of the *brick-built* house.

ਚੌੜੀਆਂ ਗਲੀਆਂ ਵਿਚ ਸਾਰੀਆਂ ਮੋਟਰਾਂ ਜਾਂਦੀਆਂ ਹਨ। In *wide* streets all motor-cars go.

ਸੁਹਣਿਆਂ ਕਪੜਿਆਂ ਨਾਲ ਆਦਮੀ ਚੰਗਾ ਲਗਦਾ ਹੈ। With beautiful clothes a man looks fine.

ਮਜ਼ਦੂਰ ਥੋੜਿਆਂ ਦਿਨਾਂ/ਹਫ਼ਤਿਆਂ ਤੋਂ ਕੰਮ ਕਰਦਾ ਹੈ। The labourer works (has been working) for some days/weeks.

**See pattern 12 B.**

There is nothing peculiar about the forms of adjectives of nouns which are followed by postpositions. If they end in -á, they must change in gender and number according to the gender and number of the nouns they qualify. This is, of course, unknown in English.

### VOCABULARY

| | | | |
|---|---|---|---|
| ਚੋਲਾ | shirt | ਪਿਛਲਾ | last |
| ਮਹੀਨਾ | month | ਪੱਕਾ | brick-built, ripe (fruit) |
| ਦਿਨ | day | ਕੱਚਾ | mud-built, unripe (fruit). |
| ਵਰ੍ਹਾ | year | ਅਗਲਾ | next |
| ਹਫ਼ਤਾ | week | ਚੌੜਾ | wide |
| ਦਫ਼ਤਰ | office | ਸਾਰਾ | whole, all |
| ਗਲੀ f. | street | ਥੋੜਾ | a little |
| ਪਤਾ | knowledge | ਥੋੜੇ | a few. |
| ਲਗਦਾ | looks *lit.* applies | | |

## Pattern - 13

### Past Tense — (a)

| | *Singular* | *Plural* |
|---|---|---|
| Masc. | ਉਹ ਆਇਆ, he came | ਉਹ ਆਏ, they came |
| | ਤੂੰ ਦੌੜਿਆ, you ran | ਤੁਸੀਂ ਦੌੜੇ, you ran |
| | ਮੈਂ ਸੁੱਤਾ, I slept | ਅਸੀਂ ਸੁੱਤੇ, we slept. |
| Fem. | ਭੈਣ ਆਈ, the sister came | ਭੈਣਾਂ ਆਈਆਂ, the sisters came |
| | ਕੁੜੀ ਦੌੜੀ, the girl ran | ਕੁੜੀਆਂ ਦੌੜੀਆਂ, the girls ran |
| | ਬੱਚੀ ਸੁੱਤੀ, the female child slept | ਬੱਚੀਆਂ ਸੁੱਤੀਆਂ, the female babies slept. |

1. Note that in each of these cases, the verb is intransitive.

2. The subject is in its ordinary form—see patterns 8 and 9.

3. The past tense is, in fact, past participle in form. And we know that a participle, like an adjective, ending in -á is changed to -e in masc. pl, -í in fem. sing. and -íāin fem. pl. Thus ਉਹ ਸੁਤਾ, he slept; ਉਹ ਸੁੱਤੇ, they slept; ਉਹ ਸੁੱਤੀ, she slept; ਉਹ ਸੁੱਤੀਆਂ, they (fem.) slept.

4. The normal or most common ending of masc. sing. is -iá, added to the root, as in ਆਇਆ, (he) came; ਦੌੜਿਆ, (he) ran; ਜਾਗਿਆ, (he) woke up; ਚਲਿਆ, (he) walked ; ਵਜਿਆ, (it) rang; ਬੈਠਿਆ, (he) sat; ਉਠਿਆ, (he) got up; etc.

5. There are certain other categories, in one of which comes ਸੁੱਤਾ, slept. A list is attached in the next section 5.10.

6. ਨਹੀਂ, not, immediately precedes the verb, as usual, ਮੈਂ ਨਹੀਂ ਸੁੱਤਾ, I did not sleep; ਕੁੜੀਆਂ ਨਹੀਂ ਦੌੜੀਆਂ, the girls did not run. Of course, the Panjabi construction is easier.

### VOCABULARY

**More intransitive verbs**

| | |
|---|---|
| ਖੇਡਣਾ, ਖੇਲਣਾ, to play | ਰਹਿਣਾ, to stay, to live |
| ਡਿਗਣਾ, to fall | ਨਚਣਾ, to dance |
| ਵਜਣਾ, to ring | ਦਿਖਣਾ, to be seen |
| ਟੁੱਟਣਾ, to break | ਹੋਣਾ, to be |
| ਕੁੱਦਣਾ, to jump | ਜੀਣਾ, to live, to be alive |
| ਪਹੁੰਚਣਾ, to reach | ਬਚਣਾ, to escape, to remain |
| ਢਹਿਣਾ, to fall down | ਠਹਿਰਨਾ, to stop. |

## Pattern - 14

**Past Tense—(b)**

(a) ਮੈਂ/ਤੂੰ/ਉਸ [ਨੇ] [ਪਾਠ] ਸੁਣਿਆ — ~ਗੱਲ ਸੁਣੀ f.
I/you/he [by] [lesson] listened. — ~listened the word
~ਪਾਠ ਸੁਣੇ mas. pl. — ~ਗੱਲ ਸੁਣੀਆਂ f. pl.
~listened lessons — ~listened words.
ਅਸਾਂ/ਤੁਸਾਂ/ਉਨ੍ਹਾਂ [ਨੇ] [ਪਾਠ] ਸੁਣਿਆ — ~ਗੱਲ ਸੁਣੀ
We/you/they listened a lesson. — ~listened the word
~ਪਾਠ ਸੁਣੇ — ~ਗੱਲਾਂ ਸੁਣੀਆਂ
~listened lessons — ~listened words.

(b) ਮੈਂ/ਤੂੰ/ਉਸ or ਅਸਾਂ/ਤੁਸਾਂ/ਉਨ੍ਹਾਂ [ ਨੇ ] ਡਾਕਟਰ ਨੂੰ ਦੱਸਿਆ
I/you/he or we/you/they told the doctor.
ਮੈਂ/ਤੂੰ/ਉਸ or ਅਸਾਂ/ਤੁਸਾਂ/ਉਨ੍ਹਾਂ [ ਨੇ ] ਮਾਂ ਨੂੰ ਦੱਸਿਆ।
I/you/he or we/you/they told the mother.
ਮੈਂ/ਤੂੰ/ਉਸ or ਅਸਾਂ/ਤੁਸਾਂ/ਉਨ੍ਹਾਂ [ ਨੇ ] ਡਾਕਟਰਾਂ ਨੂੰ ਦੱਸਿਆ।
I/you/he or we/you/they told the doctors.
ਮੈਂ/ਤੂੰ/ਉਸ or ਅਸਾਂ/ਤੁਸਾਂ/ਉਨ੍ਹਾਂ [ ਨੇ ] ਮਾਂਵਾਂ ਨੂੰ ਦੱਸਿਆ।
I/you/he or we/you/they told the mothers.

1. When the verb is transitive, we have a passive construction, and the verb has no concord with the subject.

2. If no object is expressed or if the object is followed by a postposition ਨੂੰ or any other, then the verb is masculine singular in form irrespective of the gender, number or person of the object, as the first sentence under (a) or as all the sentences under (b). The verb here is impersonal.

3. If the object is without a postposition, then the verb agrees in number and gender with the object, as under (a).

4. ਨੇ with subject is not very common in Panjabi.

### Vocabulary

#### More transitive verbs

| | |
|---|---|
| ਮਿਲਣਾ, to meet | ਕਢਣਾ, to take out |
| ਚਾਹੁਣਾ, to wish | ਸੀਣਾ, to sew |
| ਬੁਲਾਣਾ, to call | ਵੰਡਣਾ, to divide, to distribute |
| ਮਾਰਨਾ, to beat | ਬਾਲਣਾ, to burn |
| ਬਨਾਉਣਾ, to make | ਰਖਣਾ, to keep |
| ਛਡਣਾ, to leave | ਪਾਉਣਾ, to put, to put on. |

## Pattern - 15

### Subjunctive

| | *Singular* | *Plural* |
|---|---|---|
| 1st person | ਮੈਂ ਕਰਾਂ, I may do, if I do. | ਅਸੀਂ ਪੜ੍ਹੀਏ, we may read, if we read. |
| 2nd person | ਤੂੰ ਲਿਖੇਂ, you may write, if you write. | ਤੁਸੀਂ ਸੁਣੋ you may listen, If you listen. |
| 3rd person | ਉਹ ਤੋੜੇ, he/she may break, if he/she breaks. | ਉਹ ਜਾਗਣ, they may get up, if they get up. |

1. Here we do not have a participle form. There is no change with gender.

2. But the form is inflected in number and person.

3. The different meaningful terminations may be noted.

4. In fact, this form has a sense of futurity, and it can also be called 'optative', as it expresses desire, requirement or purpose, besides condition.

5. There is a ਵ-glide after the root ending in a vowel, as in ਖਾਵੇ,

he may eat; ਸੌਵੇਂ, you may sleep, ਪੀਵਾਂ, I may drink.

6. Among the tenses or moods in Panjabi, this is the only one in which a verb takes six varied forms.

[INFLECT THE FOLLOWING VERBS IN SUBJUNCTIVE MOOD]

VOCABULARY

| | | | |
|---|---|---|---|
| ਸੀਣਾ, | to sew | ਜਾਣਨਾ, | to know |
| ਕਢਣਾ, | to take out | ਜੀਣਾ, | to live |
| ਕੰਬਣਾ, | to tremble | ਨਚਣਾ, | to dance |
| ਖੁਲ੍ਹਣਾ, | to open (intr.) | ਬਲਣਾ, | to burn (intr.) |
| ਖੋਲ੍ਹਣਾ, | to open (tr.) | ਬਨ੍ਹਣਾ, | to tie, to bind |
| ਛਡਣਾ, | to leave | ਵੜਨਾ, | to enter. |

## Pattern - 16

### Future

Mas. ਮੈਂ ਕਲ੍ਹ ਕੰਮ ਕਰਾਂਗਾ, I shall do work tomorrow.
ਤੂੰ ਕਿਤਾਬ/ਕਿਤਾਬਾਂ ਲਿਖੇਂਗਾ, you will write a book/books.
ਚਾਚਾ/ਮਾਮਾ/ਉਹ ਫੁੱਲ ਤੋੜੇਗਾ, uncle/he will pluck flowers.
ਅਸੀਂ ਪਰਸੋਂ ਕੰਮ ਕਰਾਂਗੇ, We shall do work day after tomorrow.
ਤੁਸੀਂ ਕਿਤਾਬ/ਕਿਤਾਬਾਂ ਲਿਖੋਗੇ, you will write a book/books.
ਚਾਚੇ/ਮਾਮੇ/ਉਹ ਫੁੱਲ ਤੋੜਨਗੇ, uncle/they will pluck flowers.

Fem. ਮੈਂ ਅੱਜ ਇਹ ਕੰਮ ਕਰਾਂਗੀ।
ਤੂੰ ਕਿਤਾਬ/ਕਿਤਾਬਾਂ ਲਿਖੇਂਗੀ।
ਚਾਚੀ/ਮਾਮੀ/ਉਹ ਫੁੱਲ ਤੋੜੇਗੀ।
ਅਸੀਂ ਕਰਾਂਗੀਆਂ।
ਤੁਸੀਂ ਕਿਤਾਬ/ਕਿਤਾਬਾਂ ਲਿਖੋਗੀਆਂ।
ਚਾਚੀਆਂ/ਮਾਮੀਆਂ/ਉਹ ਫੁੱਲ ਤੋੜਨਗੀਆਂ।

Notes : 1. -ਗਾ is another form (besides nouns, adjectives and participles) which ends in -á. As such, it changes with number and gender. The change is simple and regular, as already explained.

2. -ਗਾ and its forms are added to the subjunctive forms. See 15 and also compare with pattern 17.

VOCABULARY

ਚਾਚਾ, uncle, father's younger brother    ਚਾਚੀ f., aunt
ਮਾਮਾ, uncle, mother's brother    ਮਾਮੀ f., aunt

| | |
|---|---|
| ਗੁਲਾਬ, rose | ਚਮੇਲੀ f., jasamine |
| ਅਜ, to-day | ਚਿੱਠੀ f., letter |
| ਕਲ੍ਹ, tomorrow | ਪਰਸੋਂ, day after tomorrow |
| ਅਗੋਂ, in future | ਫਿਰ, ਫੇਰ, again. |

## Pattern - 17

### More about auxiliaries

We have already learnt that the verb ਹੋਣਾ, to be, shows existence, and at the same time serves as an auxiliary, as in forming present tense. See pattern 9. It is therefore, very important to make oneself thoroughly familiar with these auxiliaries. We have detailed their forms in present tense. For past and other tenses, the following may be noted—

*Past* : ਮੈਂ/ਤੂੰ/ਉਹ ਬੀਮਾਰ ਸੀ — I/thou/he was ill.
ਅਸੀਂ/ਤੁਸੀਂ/ਉਹ ਬੀਮਾਰ ਸੀ, — We/you/they were ill.

ਸੀ does not change with gender, number or person.

| | | Singular | Plural |
|---|---|---|---|
| Also | 1st per. | ਮੈਂ ਬੀਮਾਰ ਸਾਂ | ਅਸੀਂ ਬੀਮਾਰ ਸਾਂ। |
| | 2nd per. | ਤੂੰ ਬੀਮਾਰ ਸੈਂ | ਤੁਸੀਂ ਬੀਮਾਰ ਸਓ। |
| | 3rd per. | ਉਹ ਬੀਮਾਰ ਸੀ | ਉਹ ਬੀਮਾਰ ਸਨ। |

Compare these forms with those for present tense— pattern 9.

There is difference of ਹ- and ਸ- only, except in 3rd person singular.

| | | |
|---|---|---|
| *Subjunctive* : may be | 1st per. ਮੈਂ ਹੋਵਾਂ | ਅਸੀਂ ਹੋਵੀਏ। |
| | 2nd per. ਤੂੰ ਹੋਵੇਂ | ਤੁਸੀਂ ਹੋਵੋ। |
| | 3rd per. ਉਹ ਹੋਵੇ | ਉਹ ਹੋਵਣ। |

*Future* will be : Sing. add -ਗਾ for masc. -ਗੀ for fem.
pl. add -ਗੇ for masc. -ਗੀਆਂ for fem.

Compare ਮੈਂ ਬੈਠਾ ਹਾਂ, I am seated; ਮੈਂ ਬੈਠਾ ਸਾਂ, I was sitting; ਮੈਂ ਬੈਠਾ ਹੋਵਾਂ, if I be sitting; ਮੈਂ ਬੈਠਾ ਹੋਵਾਂਗਾ, I will be sitting; ਮੈਂ ਬੈਠਾ ਹੁੰਦਾ, if I were sitting.

ਬੈਠਾ is as good an adjective as ਮੋਟਾ, fat; ਪਤਲਾ, thin; ਸਾਦਾ, simple; ਕਮੀਨਾ, mean, base; ਵਿਚਾਰਾ, unfortunate; ਸੋਹਣਾ, beautiful; etc., so far as function is concerned. USE THESE ADJECTIVES IN PLACE OF ਬੀਮਾਰ

WITH VERBS IN PAST AND FUTURE TENSES AND IN SUBJUNCTIVE MOOD. You may also use nouns instead; as, ਉਹ ਡਾਕਟਰ ਸੀ, he was a doctor, etc.

**Also see patterns 18 and 19.**

## Pattern 18 - A

### Extensions of Present Participle

| | |
|---|---|
| ਉਹ ਵੇਖਦਾ | If he had seen (Past conditional) |
| ਉਹ ਵੇਖਦਾ ਹੈ | He sees, he is seeing (Present perfect) |
| ਉਹ ਵੇਖਦਾ ਸੀ | He was seeing (Past imperfect) |
| ਉਹ ਵੇਖਦਾ ਹੋਵੇ | He may be seeing (Conditional imperfect) |
| ਉਹ ਵੇਖਦਾ ਹੋਵੇਗਾ | He may be seeing (Presumptive imperfect) |
| ਉਹ ਵੇਖਦਾ ਹੁੰਦਾ | If he had been seeing (Past conditional continuous) |

ਜੇ ਉਹ ਡਰਦਾ ਤਾਂ ਫਲ ਨਾ ਖਾਂਦਾ,

If he had feared, he would not have eaten fruit.

ਤੁਸੀਂ ਦੁਕਾਨ ਤੇ ਕਿਉਂ ਜਾਂਦੇ ਹੋ?

Why do you go to the shop?

ਦਰਵਾਜ਼ਾ ਬੰਦ ਨਾ ਕਰੋ, ਕੋਈ ਆਉਂਦਾ ਹੋਵੇਗਾ।

Do not shut the door, somebody may be coming.

ਮੈਂ ਇਹ ਕੰਮ ਕਰਦੀ ਹੁੰਦੀ ਤਾਂ ਚੰਗਾ ਹੁੰਦਾ,

If I had been doing this work, then it would have been good.

ਮੁੰਡੇ ਕੀ ਪਾਂਦੇ ਹਨ? —ਕਪੜਾ, ਕਮੀਜ਼, ਪਜਾਮਾ, ਕੋਟ, ਜੁੱਤੀ।

What do boys wear? —dress, shirt, pyjama, coat, shoe.

ਕੁੜੀਆਂ ਕੀ ਪਾਂਦੀਆਂ ਹਨ? —ਸਲਵਾਰ, ਧੋਤੀ, ਸਾੜ੍ਹੀ, ਦੁਪੱਟਾ, ਚੁੱਨੀ।

What do girls wear? —trousers, dhotī, saree, scarf, small scarf.

ਕੋਈ ਮਜ਼ਦੂਰ ਜਾਂਦਾ ਹੋਵੇ ਤਾਂ ਮੈਨੂੰ ਦੱਸਣਾ।

(If) some labourer be going then tell me.

1. The present participle also functions as past conditional. It is extended by the auxiliary ਹੋਣਾ which is conjugated according to person and number. English 'to have' and 'to be' both mean 'ਹੋਣਾ' in Panjabi.

2. In conditional mood, the Panjabi form in both subordinate and principal clauses is the same. Cf. English had ... would.

3. The participle form changes with number and gender.

4. Also see pattern 20 (b)—present participle used for continuance of action.

### Vocabulary

ਕਿਉਂ, why
ਬੰਦ, closed
ਬੰਦ ਕਰਨਾ, to close
ਕੋਈ, anyone, someone
ਮਜ਼ਦੂਰ, labourer
ਦੁਕਾਨ f., shop
ਤਾਂ, then
ਪਾਉਣਾ, to wear.
ਕਮੀਜ਼ f., shirt
ਪਜਾਮਾ, pyjama, trousers
ਜੁੱਤੀ f., shoe
ਸਲਵਾਰ f., baggy trousers
ਧੋਤੀ f., dhoti cloth
ਦੁਪੱਟਾ, scarf
ਚੁੱਨੀ f., small scarf

## Pattern - 18 B

### Extensions of Past Participle

ਉਹ ਆਇਆ, he came. Past indefinite.
ਉਹ ਆਇਆ ਹੈ, he has come. Present perfect.
ਉਹ ਆਇਆ ਸੀ, he had come. Past perfect.
ਉਹ ਆਇਆ ਹੋਵੇ, if he has/might have come. Present conditional perfect.
ਉਹ ਆਇਆ ਹੋਵੇਗਾ, he would have come. Future perfect.
ਉਹ ਆਇਆ ਹੁੰਦਾ, if he had/might come. Past conditional perfect.

ਉਹ ਸ਼ਹਿਰ ਗਿਆ ਸੀ। ਮੈਂ ਆਪਣੇ ਪਿੰਡ ਗਿਆ ਸਾਂ। ਅਸੀਂ ਗੱਡੀ ਤੇ ਗਏ ਸੀ। ਤੁਸਾਂ ਕੀ ਸੁਣਿਆ ਸੀ। ਅਸੀਂ ਉਹਦੇ ਨਾਲ ਗਏ ਸਾਂ। ਅਸੀਂ ਬਿਮਾਰ ਨਾ ਹੋਏ ਹੁੰਦੇ ਤਾਂ ਚੰਗਾ ਹੁੰਦਾ। ਉਹ ਆਪਣੀ ਸਹੇਲੀ ਕੋਲ ਗਈ ਹੋਵੇਗੀ। ਉਸ ਨੇ ਫੁੱਲ ਤੋੜਿਆ ਹੋਵੇ ਤਾਂ ਮੈਨੂੰ ਦਸਣਾ। ਤੂੰ ਹੁਣ ਆਇਆ ਹੈਂ ? ਵੇਖੋ, ਤਾਰੇ ਨਿਕਲੇ ਹਨ, ਚੰਨ ਚੜ੍ਹ ਆਇਆ ਹੈ।

He had gone to the city. I had gone to my village. We had gone by train. What had you heard ? We had gone with him/her. If we had had not been ill, it would have been good. She would have gone to her friend. (If) he/she might have plucked the flower then tell me. Have you come now ? Look, stars have come out, the moon has come up.

There is not much difference in patterns 18 A and 18 B. In the last pattern, you had present participle as the main verb, and in this pattern it is past participle. You are familiar with both.

The main verb, being in participle form, is declined in number and gender. The meaning is modified by the auxiliary verb which determines particular tenses and moods.

### VOCABULARY

| | |
|---|---|
| ਸ਼ਹਿਰ, city | ਚੜ੍ਹਨਾ, to rise up |
| ਪਿੰਡ, village | ਨਿਕਲਣਾ, to come out |
| ਹੁਣ, now | ਤਾਰੇ, stars |
| ਤਦ, ਤਦੋਂ, then | ਚੰਨ, moon |
| ਕਦ, ਕਦੋਂ, when? | ਸੂਰਜ, sun |
| ਜਦ, ਜਦੋਂ, when (rel.) | ਦਿਨ, sun, day. |
| ਸਹੇਲੀ, girl-friend | |

## REVISION

### 4.8 Text D

ਕਿਤਾਬ ਵੇਖ। ਗੁਲਾਬ ਦਾ ਫੁੱਲ ਨਾ ਤੋੜ। ਉਹ ਕੀ ਪੜ੍ਹਦਾ ਹੈ? ਇਹ ਕੇਲੇ ਹਨ। ਇਹ ਮੁੰਡਾ ਚੰਗੀਆਂ ਗੱਲਾਂ ਕਰਦਾ ਹੈ। ਨੱਕ ਵਿੱਚ ਉਂਗਲੀ ਨਾ ਪਾ। ਬੱਚਾ ਰੋਂਦਾ ਹੈ। ਮਾਂ ਆਪਣੇ ਕਮਰੇ ਵਿੱਚ ਬੈਠੀ ਸੀ। ਛੋਟੀਆਂ ਕੁੜੀਆਂ ਦੇ ਕੋਲ ਕੌਣ ਹੈ ? ਚਾਚਾ ਕਿਸੇ ਨੂੰ ਚਾਕੂ ਨਹੀਂ ਦੇਂਦਾ। ਅਸੀਂ ਪਰਸੋਂ ਮਾਮੇ ਕੋਲ ਜਾਵਾਂਗੇ। ਤੁਸੀਂ ਸਾਨੂੰ ਪਾਠ ਸੁਣਾਓਗੇ। ਇਕ ਪਿੰਡ ਵਿਚ ਦੋ ਦੁਕਾਨਦਾਰ ਰਹਿੰਦੇ ਸਨ। ਉਨ੍ਹਾਂ ਦੇ ਘਰ ਲਕੜੀ ਦੇ ਸਨ। ਮੈਂ ਕੀ ਕਰਾਂ ! ਤੁਸੀਂ ਭੈਣਾਂ ਨੂੰ ਚਿੱਠੀਆਂ ਕਿਉਂ ਲਿਖਦੇ ਹੋ ? ਹੁਣ-ਅਗਲੇ ਚਾਰ ਦਿਨਾਂ ਲਈ ਤੁਹਾਡਾ ਕੀ ਕੰਮ ਹੋਵੇਗਾ ? ਉਹ ਪਾਣੀ ਪੀਂਦੇ ਹਨ। ਮੈਂ ਫਲ ਤੇ ਮਠਿਆਈ ਖਾਂਦਾ ਹਾਂ।

See the book. Do not pluck rose flower. What does he read ? These are bananas. This boy says good words. Do not put finger in (your) nose. The child weeps. The mother was sitting in her [own] room. Who is with the little girls? The uncle does not give knife to anybody. We shall go to uncle day after tomorrow. You will tell us the lesson. Two shopkeepers lived (used to live) in a village. Their houses were [made] of wood. What should I do? Why do you write letters to sisters? For the next four days what will be your work? They drink water. I eat fruit and sweets.

### 4.9 Text E

ਸੰਤੀ ਤੇ ਲਾਲੂ ਦੋ ਭੈਣ-ਭਰਾ ਸਨ। ਉਹ ਕਦੇ ਲੜਦੇ ਨਹੀਂ ਸਨ। ਇਕ ਦਿਨ ਉਹ ਖੇਡਦੇ ਸਨ। ਲਾਲੂ ਨੇ ਗੇਂਦ ਸੁੱਟੀ ਤਾਂ ਉਹ ਸ਼ੀਸ਼ੇ ਨੂੰ ਵੱਜੀ ਤੇ ਸ਼ੀਸ਼ਾ ਟੁੱਟ ਗਿਆ। ਲਾਲੂ ਨੇ ਸੰਤੀ ਨੂੰ ਆਖਿਆ, "ਪਿਤਾ ਜੀ ਮਾਰਨਗੇ, ਹੁਣ ਕੀ ਕਰਾਂ? ਤੂੰ ਮੈਨੂੰ ਬਚਾਏਂਗੀ ਨਾ?" ਸੰਤੀ ਨੇ ਕਿਹਾ, "ਚੰਗਾ, ਬਚਾਵਾਂਗੀ।"

ਜਦ ਪਿਤਾ ਆਏ ਤਾਂ ਉਨ੍ਹਾਂ ਨੇ ਪੁਛਿਆ — "ਇਹ ਸ਼ੀਸ਼ਾ ਕਿਸ ਨੇ ਤੋੜਿਆ ਹੈ? ਮੈਨੂੰ

ਸਾਰੀ ਗੱਲ ਦਸੋ।' ਸੰਤੀ ਕੁਝ ਨਾ ਬੋਲੀ।

SANTI and LALOO were sister [and] brother. They never (ਕਦੇ ਨਹੀਂ) quarrelled. One day, they were playing. Laloo threw the ball, then it struck glass-pane and it broke down. Laloo said to Santi, "Father will beat (respectful and plural), what should I do now? You will save me, of course?" Santi said, "all right, [I] shall save."

When father came, then he (respectful and plural) asked, "Who broke this glass? Tell me all thing." Santi said nothing.

### 4. 10 Text F

ਵੇਖੋ! ਸਾਹਮਣੇ ਇੱਕ ਰੁੱਖ ਤੇ ਕਾਂ ਬੈਠਾ ਹੈ। ਉਹਦੇ ਮੂੰਹ ਵਿਚ ਰੋਟੀ ਹੈ। ਥੱਲੇ (ਹੇਠਾਂ) ਇਕ ਲੂੰਬੜੀ ਖੜੋਤੀ ਹੈ। ਉਹ ਚਾਹੁੰਦੀ ਹੈ, ਇਹ ਰੋਟੀ ਮੈਂ ਲਵਾਂ ਤੇ ਖਾਵਾਂ। ਕੰਮ ਔਖਾ ਹੈ। ਕੀ ਕਰੇ ? ਉਹਨੇ ਸੋਚਿਆ — ਕਾਂ ਬੋਲੇ ਤਾਂ ਰੋਟੀ ਹੇਠਾਂ ਡਿਗੇ। ਲੂੰਬੜੀ ਨੇ ਕਿਹਾ — "ਕਾਂ ਜੀ, ਤੁਹਾਡੀ ਬੋਲੀ ਬਹੁਤ ਮਿੱਠੀ ਹੈ। ਮੈਂ ਕਦੇ ਸੁਣੀ ਨਹੀਂ। ਅਜ ਸੁਣਾਓ।" ਕਾਂ ਬੋਲਿਆ — "ਕਾਂ, ਕਾਂ, ਕਾਂ, ਕਾਂ।" ਤਾਂ ਰੋਟੀ ਉਹਦੇ ਮੂੰਹ 'ਚੋਂ ਡਿਗ ਪਈ।

Look ! ahead on a tree sits a crow. In his mouth there is bread. Below stands a fox. She wants, I may take this bread and eat (it). The job is difficult. What should she do? She thought, "The crow may speak, then bread will fall down." The fox said, "Mr. crow, your speech is very sweet. I have never heard. Make me listen today." The crow spoke, "Caw, caw, caw, caw." Then the bread fell down from its mouth.

### 4. 11 Text G

ਇਹ ਮੁੰਡਾ ਸਵੇਰੇ ਉਠਦਾ ਹੈ ਤੇ ਨਹਾਂਦਾ ਧੋਂਦਾ ਹੈ। ਕਿਸੇ ਸੋਹਣੀ ਥਾਂ ਤੇ ਬੈਠਦਾ ਹੈ। ਆਪਣਾ ਸਕੂਲ ਦਾ ਕੰਮ ਕਰਦਾ ਹੈ। ਰੋਟੀ ਖਾਣੀ ਹੋਵੇ ਤਾਂ ਮਾਂ ਨੂੰ ਕਹਿੰਦਾ ਹੈ। ਪੈਸੇ ਲੈਣੇ ਹੋਣ ਤਾਂ ਪਿਤਾ ਜੀ ਨੂੰ ਆਖਦਾ ਹੈ। ਬਹੁਤ ਸਾਫ਼ ਰਹਿੰਦਾ ਹੈ।

This boy rises early and has bath and wash. (He) sits at a beautiful place. (He) does his school-work. (If he) has to eat bread then (he) says to (his) mother. (If he) has to take money then he says to his father. (He) lives very clean.

## Pattern - 19 A

### Adverbs

ਤੂੰ ਕਿਥੇ ਰਹਿੰਦਾ ਹੈਂ ? Where do you live ?
ਮੈਂ ਇਥੇ ਨੇੜੇ ਰਹਿੰਦਾ ਹਾਂ। I live here nearby.
ਉਹ ਕਦ ਜਾਵੇਗਾ ? When will he go ?

ਜਦ ਗੱਡੀ ਮਿਲੇਗੀ ਤਦ ਜਾਵੇਗਾ।

When train is obtained then (he) will go.

ਇਹ ਕਮਰਾ ਅੰਦਰੋਂ ਬਾਹਰੋਂ ਸਾਫ਼ ਹੈ।

This room is clean from within and from without.

ਮੈਂ ਸ਼ਹਿਰ ਵਿੱਚ ਰਹਿੰਦਾ ਸਾਂ ਤਾਂ ਮੇਰਾ ਕੰਮ ਛੇਤੀ (ਜਲਦੀ, ਤੁਰਤ) ਹੁੰਦਾ ਸੀ। When I lived in the city then my work was done at-once.

1. The adverb immediately precedes an intransitive verb.

2. Adverb of time prcedes the adverb of place, as in —

ਤੁਸੀਂ ਕਲ੍ਹ ਕਿਥੇ ਗਏ ਸੀ ?

You yesterday where had gone ?

3. Ordinarily the object precedes the transitive verb and the adverb precedes the object —

ਅਸੀਂ ਅਜ ਕਲ੍ਹ ਚਾਹ ਪੀਂਦੇ ਹਾਂ।

We these days tea drink.

We drink tea these days.

ਤੁਸੀਂ ਹੁਣ ਇਥੇ ਆਪਣਾ ਸਮਾਨ ਰਖੋ।

You now here your luggage keep.

You keep your luggage here now.

VOCABULARY

ਕਿਥੇ, where?
ਇਥੇ, here
ਉਥੇ, there
ਜਿਥੇ, where (rel.)
ਕਦ, when?
ਜਦ, when (rel.)
ਤਦ, then
ਅੰਦਰੋਂ, from within
ਬਾਹਰੋਂ, from without
ਨੇੜੇ, near
ਛੇਤੀ / ਜਲਦੀ / ਤੁਰਤ } at once
ਅੱਜ ਕੱਲ੍ਹ, now-a-days
ਸਮਾਨ, luggage.

## Pattern - 19 B

Besides single words which are even originally indeclinable, we have some other terms which are used as adverbs.

(a) In English, adverbs are formed by adding the suffix -ly to adjectives. In Panjabi, such formations are achieved by adding the postposition ਨਾਲ to nouns. Examples :

| | | | |
|---|---|---|---|
| ਪਿਆਰ ਨਾਲ | lovingly. | ਅਰਾਮ ਨਾਲ | comfortably, |
| love with | | comfort with | |

ਜ਼ੋਰ ਨਾਲ (with force), loudly.

(b) The present participle with -iā̃ ending —

| | | | | |
|---|---|---|---|---|
| ਮੈਂ | ਕੁਲੀ ਨੂੰ | ਸਮਾਨ | ਉਠਾਂਦਿਆਂ | ਵੇਖਿਆ ਸੀ |
| I | the porter | luggage | carrying | had seen |
| 1 | 3 | 5 | 4 | 2 |
| ਅਸਾਂ | ਉਨ੍ਹਾਂ ਨੂੰ | ਗਾਉਂਦਿਆਂ | ਸੁਣਿਆ ਸੀ | |
| We | them | singing | had heard | |
| 1 | 3 | 4 | 2 | |

(c) As in English, adjectives also serve as adverbs—

ਉਹ ਔਖਾ ਬੋਲਦਾ ਹੈ, he speaks with difficulty.
ਅਸੀਂ ਚੰਗਾ ਲਿਖਦੇ ਹਾਂ, we write well.

### VOCABULARY

ਪਿਆਰ, love, affection.
ਸ਼ਰਮ ਨਾਲ, shamefully
ਅਰਾਮ ਨਾਲ, conveniently
ਜ਼ੋਰ ਨਾਲ, loudly.

## Pattern - 20

### Continuance

a. ਮੱਖੀਆਂ ਉਡ ਰਹੀਆਂ ਹਨ। Flies are flying.
ਕਾਂ ਇਧਰ ਉਧਰ ਜਾ ਰਹੇ ਹੋਣਗੇ। Crows may be going somewhere this side.
ਬਿੱਲੀ ਇਥੋਂ ਲੰਘ ਰਹੀ ਸੀ। The cat was passing [from] here.
ਤੋਤੇ ਪਿੰਜਰੇ ਵਿੱਚ ਬੋਲ ਰਹੇ ਹੁੰਦੇ ਤਾਂ ... If parrots had been speaking in the cage then ...

b. ਅਸੀਂ ਸਾਰੀ ਰਾਤ ਖੇਲਦੇ ਰਹੇ। We *kept playing* all the night.
ਘੋੜੀ ਸਭ ਕੁਝ ਖਾਂਦੀ ਰਹਿੰਦੀ ਹੈ। The mare keeps on eating everything.

1. Under a, the main verb is in its root form (ਉਡ, ਜਾ, ਲੰਘ, ਬੋਲ); and under b; it is in present participle form which is declined with number and gender.

2. Under a, the auxiliary verb ਰਹਿਆ is in past participle form which takes tense and person with the help of another auxiliary verb ਹੋਣਾ. Under b, ਰਹਿਣਾ can be conjugated in all tenses and moods.

3. Compare the meaning :—

A. ਉਹ ਜਾ ਰਿਹਾ ਹੈ, he is going; and

B. ਉਹ ਜਾਂਦਾ ਰਹਿੰਦਾ ਹੈ, he keeps on going;

ਉਹ ਜਾਂਦਾ ਰਹਿੰਦਾ ਸੀ, he used to go.

### VOCABULARY

| | |
|---|---|
| ਉਡਣਾ, to fly | ਘੋੜੀ f, mare |
| ਮੱਖੀ f., fly | ਖੋਤਾ, donkey |
| ਲੰਘਣਾ, to pass | ਖੋਤੀ f., she-ass |
| ਤੋਤਾ, parrot | ਸਭ, all |
| ਕਬੂਤਰ, pigeon | ਮੱਛਰ, mosquito |
| ਪਿੰਜਰਾ, cage | ਹਿਲਣਾ, to move (intr.) |

## Pattern - 21

### Habit

ਉਹ ਸਾਡੇ ਘਰ ਕਦੇ ਕਦੇ ਆਇਆ ਕਰਦਾ ਸੀ।

He used to come to our house now and then.

ਤੁਸੀਂ ਕਾਰਖਾਨੇ ਰੋਜ਼ ਰੋਜ਼ ਜਾਇਆ ਕਰੋ।

You make it a habit to go to the factory daily.

ਮੁੰਡੇ ਘੜੀ ਮੁੜੀ ਇਧਰ ਆਇਆ ਕਰਦੇ ਸਨ।

The boys used to come this side again and again.

ਤਦ ਅਸੀਂ ਦਰਿਆ ਵਿੱਚ ਤਾਰੀਆਂ ਲਾਇਆ ਕਰਦੇ ਸੀ।

Then we used to have swimmings in the river.

1. The main verb is in past participle form. ਜਾਣਾ has ਜਾਇਆ, not ਗਿਆ। And this is not changed with gender or number.

2. The habitual sense is conveyed by the forms of ਕਰਨਾ, to do, which is conjugated according to tense, mood, number, gender and person. It is called frequentative form.

3. It may be reminded that habit is also expressed (past imperfect) as ਤਦ ਅਸੀਂ ਖੂਹ ਤੇ ਨਹਾਂਦੇ ਸੀ, then we used to bathe at the well.

4. Continuity of habit is expressed in pattern 20 —ਮੈਂ ਦਿਨੇ-ਰਾਤੀਂ

(ਸਵੇਰੇ ਸ਼ਾਮੀਂ) ਕੰਮ ਕਰਦਾ ਰਹਿੰਦਾ ਹਾਂ, I am in the habit of doing work day and night (morning and evening).

### VOCABULARY

| | |
|---|---|
| ਰੋਜ਼ ਰੋਜ਼, daily | ਕਾਰਖਾਨਾ, factory, mill |
| ਦਿਨੇ, by day | ਖੂਹ, well |
| ਰਾਤੀਂ, by night | ਤਲਾ, tank |
| ਸਵੇਰੇ, in the morning | ਨਹਿਰ f., canal |
| ਸ਼ਾਮੀਂ, in the evening | ਦਰਿਆ, river |
| ਘੜੀ ਮੁੜੀ, again & again | ਲਾਉਣਾ, to apply. |

## Pattern - 22 A

### Necessity

a. ਤੈਨੂੰ ਧੋਬੀ/ਦਰਜ਼ੀ ਪਾਸੋਂ ਕਪੜੇ ਲਿਆਣੇ ਪੈਣਗੇ।
You will have to bring clothes from the washerman/tailor.
ਮਾਲੀ ਨੂੰ ਫੁੱਲਾਂ ਦਾ ਹਾਰ ਬਣਾਉਣਾ ਪੈਂਦਾ ਹੈ।
The gardener has to make a garland of flowers.

b. ਮਾਂ ਨੇ ਬੱਚੇ ਨੂੰ ਕੰਘੀ ਕਰਨੀ ਹੋਵੇਗੀ।
The mother will have to comb the child('s hair).
ਮਿਸਤਰੀ ਨੇ ਦੇਰ ਤਕ ਕੰਮ ਕਰਨਾ ਹੈ।
The mechanic has to work till late.
ਅਸਾਂ ਦੂਰ ਜਾਣਾ ਹੈ। We have to go far off.

1. The sense of 'have to' is expressed in Panjabi by 'ਪੈਣਾ' and 'ਹੋਣਾ', the former being more forceful.

2. The main verb is in infinitive form which is declined in number and gender, if there is an object having no postposition—ਕਪੜੇ ਲਿਆਣੇ, ਕੰਘੀ ਕਰਨੀ, ਕੰਮ ਕਰਨਾ, etc. In the last sentence, the verb is impersonal.

3. When ਪੈਣਾ is used, the subject takes ਨੂੰ, and thus, the sentence is passive in construction.

4. When ਹੋਣਾ is used, the subject takes oblique form with or without ਨੇ—ਅਸਾਂ [ ਨੇ ] ਦਵਾਈਆਂ ਲੈਣੀਆਂ ਹਨ।

### VOCABULARY

| | |
|---|---|
| ਧੋਬੀ, washerman | ਪਾਸੋਂ, from |
| ਦਰਜ਼ੀ, tailor | ਦੇਰ f., delay, late |
| ਮਾਲੀ, gardener | ਤਕ, upto |
| ਮਿਸਤਰੀ, mechanic | ਦੂਰ, far off |
| ਦਵਾਈ f., medicine | ਲਿਆਉਣਾ, to bring |
| ਕੰਘੀ f., comb. | |

## Pattern - 22 B

### Compound Verbs with Roots

A. ਉਹ ਆ/ਬੈਠ/ਥੱਕ ਗਿਆ। He came/sat/is tired down.
ਮੈਂ ਉੱਠ ਬੈਠਾਂ ? May I get up?
ਤੁਸੀਂ ਇਹ ਕੰਮ ਕਰ ਲਵੋ। You finish up this job.
ਅਸੀਂ ਜ਼ਰਾ ਹਸ ਪਏ। We broke into laughter a little.

B. ਤਿੰਨ ਆਦਮੀ ਨਦੀ ਵਿੱਚ ਡੁੱਬ ਮੋਏ।
Three men died drowning in the river.
ਉਹ ਆਪਣਾ ਕੰਮ ਕਰ ਚਲਿਆ ਸੀ।
He was going after doing his work.
ਮੈਨੂੰ ਇਕ ਦੋਸਤ ਆ ਮਿਲਿਆ।
A friend came and met me.
ਅਸੀਂ ਇੰਨਾ ਔਖਾ ਕੰਮ ਨਹੀਂ ਕਰ ਸਕਦੇ।
We cannot do such a difficult task.

1. The structure of the verb is the same in both categories, i.e. the main verb is in the root form and the subsidiary verb is conjugated according to tense, mood, number, gender and person.

2. You are already familiar with this structure under pattern 20 and 21.

3. The verbs in patterns 20, 21 and 22 are all compounds, but here it is desired to reopen the question on account of its peculiar importance and place in Panjabi language. They occur very frequently.

4. There is special purpose in making two categories. Under A, two verbs are put to convey a single idea, while under B, the two verbs retain their individual meaning. In fact, in the second category, it is said that one action (subsidiary) takes place after the other (main

one). Also see pattern 23. Category A is difficult for foreigners.

5. The following verbs follow the main verb in its root form— ਆਉਣਾ, to come; ਜਾਣਾ, to go; ਉਠਣਾ, to rise; ਬੈਠਣਾ, to sit; ਲੈਣਾ, to take; ਦੇਣਾ, to give; ਪੈਣਾ, to fall; ਸੁਟਣਾ, to throw; ਰਹਿਣਾ, to continue; ਸਕਣਾ, can; ਮਰਨਾ, to die; ਮਾਰਨਾ, to beat; ਰਖਣਾ, to keep; ਛਡਣਾ, to leave.

6. Under category A, the idea of 'completeness' is there in ਜਾਣਾ, ਬੈਠਣਾ (in desperation), ਲੈਣਾ (for onself), ਦੇਣਾ (for another person), ਸੁਟਣਾ (with vigour), ਮਾਰਨਾ (thoughtlessly), ਛਡਣਾ, and ਰਖਣਾ। ਪੈਣਾ shows 'suddenness'. ਜਾਣਾ also denotes passive voice (Pattern 27). Thus, these subsidiary verbs denote an 'aspect' of the main verb.

7. Practically, every verb can be used as main verb in this pattern.

## Pattern 22 C

### Compounds with Present Participles

ਮੋਹਣ ਬਹੁਤ ਤੇਜ਼ ਨਠਦਾ [ਚਲਾ] ਜਾਂਦਾ ਹੈ।

Mohan goes on running very fast.

ਅਸੀਂ ਇਥੇ ਕਈ ਸਾਲਾਂ ਤੋਂ ਰਹਿੰਦੇ [ਚਲੇ] ਆਏ [ਆ ਰਹੇ] ਹਾਂ।

We have been living here for several years.

1. As in pattern 20 (Category b), the idea of continuity is there even when the subsidiary verb is ਜਾਣਾ, ਆਉਣਾ or ਰਹਿਣਾ।

2. The main verb is in present participle form which changes with gender and number.

3. The subsidiary verb is conjugated in tense, mood, gender, number and person.

4. The number of such compound verbs is very limited.

## Pattern - 22 D

### Compounds with Infinitives

a. ਉਹ ਰੋਟੀ ਖਾਣ ਲਗਾ ਹੈ।

He is about to eat bread (to take meals).

ਮੈਥੋਂ ਇਹ ਕੰਮ ਨਹੀਂ ਕਰ(ਨ) ਹੁੰਦਾ।

This work cannot be done by me.

ਮੈਂ ਉਹਨੂੰ ਸ਼ਰਾਬ ਨਹੀਂ ਪੀਣ ਦੇਵਾਂਗਾ।

I shall not let (allow) him (to) drink wine.

b. ਮੈਂ ਹੁਣੇ ਜਾਣਾ ਚਾਹੁੰਦਾ ਹਾਂ।
I want to go just now.
ਤੈਨੂੰ ਇਹ ਕੰਮ ਕਰਨਾ ਪਵੇਗਾ (ਪਏਗਾ)।
You will have to do this work.
ਸਾਨੂੰ ਇਹੋ ਜਿਹੇ ਕੰਮ ਕਰਨੇ ਪੈਂਦੇ ਹਨ।
We have to do such jobs.

1. There are certain subsidiary verbs (ਲਗਣਾ denoting 'to begin to ...', ਹੋਣਾ denoting 'possibility' and ਦੇਣਾ denoting 'permission') with which the main verb is in indeclinable infinitve form *i.e.* without terminal -á.

2. Other verbs (ਚਾਹੁਣਾ, to want ; ਪੈਣਾ as in pattern 22 A, ਹੋਣਾ also in pattern 22 A) with which the infinitive is declined according to gender and number.

3. Note the diference between ਮੈਥੋਂ ਇਹ ਕੰਮ ਨਹੀਂ ਕਰ(ਨ) ਹੁੰਦਾ, I cannot do this work; and ਮੈਨੂੰ ਇਹ ਕੰਮ ਨਹੀਂ ਕਰਨਾ ਹੁੰਦਾ, I have not to do this work.

### VOCABULARY

| | |
|---|---|
| ਸ਼ਰਾਬ f., wine | ਹੁਣੇ, just now |
| ਸ਼ਰਬਤ, syrup | ਇਹੋ ਜਿਹਾ, like this |
| ਸ਼ੋਰੂਆ, soup | ਕਿਹੋ ਜਿਹਾ, like which, |
| ਰਸ, juice. | |

### MORE COMPOUND VERBS

There is another important category of compound verbs which are formed with nouns or adjectives. The idea of action is one, although there are two words. The following are the common verbs added to substantives—

1. ਕਰਨਾ, as ਮਾਫ਼ ਕਰਨਾ, to pardon, to forgive; ਸ਼ਿਕਾਰ ਕਰਨਾ, to hunt; ਬੰਦ ਕਰਨਾ, to close; ਯਾਦ ਕਰਨਾ, to remember; ਜਮ੍ਹਾਂ ਕਰਨਾ, to add; ਅਫ਼ਸੋਸ ਕਰਨਾ, to regret; ਗੰਦਾ ਕਰਨਾ, to spoil; ਢੇਰ ਕਰਨਾ, to pile; ਨਮਸਕਾਰ ਕਰਨਾ, to salute; ਮਨਜ਼ੂਰ ਕਰਨਾ, to accept. The number of such compounds is quite large.

2. ਹੋਣਾ, as ਸਵਾਰ ਹੋਣਾ, to ride, to mount; ਗੁੱਸੇ ਹੋਣਾ, to be angry.

3. ਆਉਣਾ, as ਕ੍ਰੋਧ ਆਉਣਾ, to be angry; ਸ਼ਰਮ ਆਉਣਾ, to be ashamed; ਯਾਦ ਆਉਣਾ, to remember; ਬੁਖ਼ਾਰ ਆਉਣਾ, to feel fever; ਹੋਸ਼ ਆਉਣਾ, to come to senses; ਕੰਮ ਆਉਣਾ, to be useful.

4. ਮਾਰਨਾ, as in ਝੂਠ ਮਾਰਨਾ, to tell lie; ਵਾਜ ਮਾਰਨਾ, to shout.

5. ਲਗਣਾ, as in ਭੁੱਖ ਲਗਣਾ, to feel hungry; ਪਿਆਸ ਲਗਣਾ, to feel thirsty; ਬੁਰਾ ਲਗਣਾ, to take ill; ਪਤਾ ਲਗਣਾ, to come to knowledge.

6. ਦੇਣਾ, as in ਉਧਾਰ ਦੇਣਾ, to lend; ਧੱਕਾ ਦੇਣਾ, to push; ਸਲਾਹ ਦੇਣਾ, to advise (exactly like 'to give an advice').

2. Names of certain utensils and kitchen articles have been given in this lesson. But it may be mentioned that almost all these things are different from those used in the West. ਚੁਲ੍ਹਾ (2) is generally made of masonry on the ground and wood is burnt in it. A portable ਚੁਲ੍ਹਾ is made of iron and coal is used in it. There may be a gas stove or an electric stove or an oil stove, for which the word ਸਟੋਵ is becoming popular. But the most common term for all these forms also is ਚੁਲ੍ਹਾ. Indian ਤਵਾ (4) is a round and flat piece of iron-sheet, a little depressed in the centre. ਥਾਲੀ$^f$ (6) is also made of metal; its rim is raised a little. It is of various sizes, the bigger ones are called ਥਾਲ. ਕੌਲੀ$^f$ (8) is smaller than a bowl and is used for curry, etc. ਕੌਲ is a little bigger than ਕੌਲੀ$^f$, but that too is smaller than a bowl. ਗਿਲਾਸ (10) is 'glass', a little different from tumbler. ਪਤੀਲਾ (15) is used for cooking meat, rice, curried vegetables, etc. ਪਤੀਲੀ$^f$ is also used for the same purposes, but it is

roundish in shape. The other utensils commonly found in a Panjabi kitchen are —
ਕਟੋਰਾ, bowl, ਬਾਟੀ$^f$, a bowl with edges outwards, ਗੜਵਾ (smaller one ਗੜਵੀ$^f$), a pot for water, ਕੜਾਹੀ$^f$, a pot for cooking vegetables or making pudding, a very big one is called ਕੜਾਹ; ਪਿਆਲਾ, cup, ਪਿਰਚ$^f$, saucer, ਚਮਚ$^f$, spoon, ਚਿਮਟਾ, pincers, ਚਕਲਾ, a flat round piece of wood or stone for flattening loaf, ਬੇਲਣਾ, a small roller, ਪਰਾਤ, plate-like metal pot for kneading flour

3. Bread is actually ਡਬਲ ਰੋਟੀ$^f$ in Panjabi. ਰੋਟੀ$^f$ (4) is a flat round cooked piece of flour, between 2 to 6 millimeters thick, and between 10 to 14 centimeters in radius. The smaller one is called ਫੁਲਕਾ.

4. ਖੀਰ$^f$ (9) is prepared by putting 10-15 grams of rice in a litre of boiling milk and letting it boil till the rice is softened and milk thickened. Sugar is put according to taste.

5. The verb ਮੁਕਣਾ, be finished (11), is usually used as a compound verb ਮੁਕ ਜਾਣਾ।

6. Note the passive construction ਮੈਨੂੰ ਚੰਗਾ ਲਗਦਾ ਹੈ (14) or ਮੈਨੂੰ ਪਸੰਦ ਹੈ for 'I like it'.

## 6.2 Compound Verbs

1. ਵਿਦਿਆਰਥੀ—ਸਤ ਸ੍ਰੀ ਅਕਾਲ, ਮਾਸਟਰ ਜੀ।
Student—Greetings (lit. Truth is that Immortal One), teacher Sir.

2. ਮਾਸਟਰ ਜੀ—ਸਤ ਸ੍ਰੀ ਅਕਾਲ। ਆ ਗਏ ਹੋ। ਅਜ
Teacher—Greetings. (You) have come. Today
ਤਾਂ ਥੋੜਾ ਚਿਰ ਲਾ ਦਿੱਤਾ ਨੇ। ਬੈਠ ਜਾਓ।
of course a little delay effected you have. Sit down.
ਕਿਤਾਬਾਂ ਕਢ ਲਓ। ਪੜ੍ਹਾਈ ਸ਼ੁਰੂ ਕਰ ਦਿਓ।
Books open. Study begin.

3. ਇਕ ਵਿਦਿਆਰਥੀ—ਮਾਸਟਰ ਜੀ। ਰਸਤੇ ਵਿਚ ਸਾਡੀ ਬਸ ਵਿਗੜ
One student—Teacher Sir, way in our bus wrong
ਗਈ ਸੀ। ਸਾਡਾ ਕੋਈ ਕਸੂਰ ਨਹੀਂ।
gone had. Our any fault no.

---

Figures in brackets relate to lines in the lesson

4. ਮਾਸਟਰ ਜੀ—ਅੱਛਾ ਅੱਛਾ। ਕੋਈ ਗੱਲ ਨਹੀਂ।
Well well. Any matter no.

5. ਇਕ ਹੋਰ ਵਿਦਿਆਰਥੀ—ਮਾਸਟਰ ਜੀ, ਮੇਰੇ ਸਿਰ ਪੀੜ ਹੋਣ
Another student—Teacher Sir, my head (in) pain being
ਲਗ ਪਈ ਹੈ। ਮੈਨੂੰ ਛੁੱਟੀ ਦੇ ਦਿਓ ਤਾਂ ਬੜੀ ਮਿਹਰਬਾਨੀ।
started. Me leave give, then great kindness.

6. ਮਾਸਟਰ ਜੀ—ਤੂੰ ਜਾ ਸਕਦਾ ਐਂ। ਜਾ, ਡਾਕਟਰ ਕੋਲੋਂ ਦਵਾਈ
Teacher—You go can. Go, doctor from medicine
ਲੈ ਲੈ। ... ਅੱਛਾ, ਖੜੋ ਜਾ। ਨੱਥਾ ਸਿੰਹਾ, ਤੂੰ
take. ... All right, stop. O Natha Singh, You
ਇਸਦੇ ਨਾਲ ਚਲਾ ਜਾ, ਇਹਨੂੰ ਹਸਪਤਾਲ ਛੱਡ ਆ।
him-with go, him hospital leaving come.
ਕਿਧਰੇ ਰਸਤੇ ਵਿਚ ਕੁਝ ਗੜਬੜ ਨਾ ਹੋ ਜਾਵੇ।
May be way-in some untoward not happen (to him).

7. ਨੱਥਾ ਸਿੰਘ—ਅੱਛਾ ਜੀ। ਮੈਂ ਇਹਨੂੰ ਲੈ ਜਾਂਦਾਂ।
Nattha Singh—All right Sir. I him take go.

8. ਮਾਸਟਰ ਜੀ—ਚੰਗਾ ਭਾਈ। ਤੁਸਾਂ ਲੋਕਾਂ ਕਿਤਾਬਾਂ ਕੱਢ ਲਈਆਂ
Teacher—Well dear. You people books out taken
ਹੋਣ ਗੀਆਂ। ਖੋਲ੍ਹੋ ਪੰਨਾ ਦੋ ਸੌ ਸੈਂਤੀਵਾਂ,
must have. Open page two hundred thirty seventh,
ਪਾਠ ਬਾਹਰਵਾਂ; ਨਾਲ ਈ ਕਾਪੀਆਂ ਵੀ ਕੱਢ ਰਖੋ।
lesson twelfth; along with copy-books also out keep.
ਔਖੇ ਸ਼ਬਦ ਤੇ ਉਨ੍ਹਾਂ ਦੇ ਅਰਥ ਲਿਖਦੇ ਜਾਣਾ।
Difficult words and their meanings writing go on.
ਕਲ੍ਹ ਅਰਥ ਯਾਦ ਕਰਕੇ ਆਣਾ
Tomorrow meaning memorized having come
ਹੋਵੇਗਾ।
will have to.

9. ਇਕ ਵਿਦਿਆਰਥੀ—ਮਾਸਟਰ ਜੀ, ਤੁਸਾਂ ਤਾਂ ਕਲ੍ਹ
One student—Teacher Sir, You of course yesterday
ਕਿਹਾ ਸੀ ਕਿ ਅਜ ਤੁਸੀਂ ਸਾਨੂੰ ਕੋਈ ਕਹਾਣੀ ਸੁਣਾਓਗੇ।
said had that today you to us any story will tell.
ਇਕ ਚੰਗੀ ਸੁਆਦਲੀ ਜਿਹੀ ਕਹਾਣੀ ਸੁਣਾ ਦਿਓ।
One good interesting like story tell.

10\. ਮਾਸਟਰ ਜੀ—ਅਜ ਮੈਨੂੰ ਇਹ ਪਾਠ ਪੜ੍ਹਾ ਲੈਣ ਦਿਓ।
Teacher—Today me this lesson teach let.
ਕਲ੍ਹ ਤੁਹਾਨੂੰ ਜ਼ਰੂਰ ਇਕ ਕਹਾਣੀ ਸੁਣਾ ਦੇਵਾਂਗਾ।
Tomorrow to you must one story tell I will.

11\. ਇਕ ਹੋਰ ਵਿਦਿਆਰਥੀ—ਮੈਂ ਵੀ ਇਹੋ ਕਹਿਣ ਲੱਗਾ ਸਾਂ
Another student—I also the same to say going was
ਭਈ ਅਜ ਤਾਂ ਅਸੀਂ ਕਿਤਾਬਾਂ ਕਾਪੀਆਂ ਕਢ-ਕਢਾ
that today of course we books copy-books out
ਲਈਆਂ ਹਨ। ਭਲਕੇ ਕਹਾਣੀ ਸੁਣ ਲਵਾਂਗੇ।
taken have. Tomorrow story listen we shall.

## Notes

1\. Note that a Panjabi student will not address his teacher by name as Mr./Shri Nand Lal or Mr./Sardar Gurbachan Singh. He may utter his name in his absence. Elders in the locality will be addressed as ਚਾਚਾ (ਜੀ) or ਤਾਇਆ (ਜੀ), uncle, or some such term. For distinction, one can say ਚਾਚਾ ਉਜਾਗਰ ਸਿੰਘ or ਤਾਈ (aunt) ਬਸੰਤੀ।

2\. ਸਤ ਸ੍ਰੀ ਅਕਾਲ (1) is a greeting between or for Sikhs, and can be used at all times between persons of any ranks, age or sex. Another term is ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ (lit. the Sikh belongs to the Supreme Preceptor, may victory be His). The terms stand for 'Good morning', 'good evening', 'good night', 'good-bye', etc.

3\. ਲਾਉਣਾ (2), to put, to fix, makes useful verbal phrases, as ਅੱਗ ਲਾਉਣਾ, to put on fire, to burn; ਅੰਗ ਲਾਉਣਾ, to take to bosom; ਅੜੀ (ਜ਼ਿੱਦ) ਲਾਉਣਾ, to be obstinate; ਅੱਖ ਲਾਉਣਾ, to fall in love; ਅੰਦਾਜ਼ਾ ਲਾਉਣਾ, to make an estimate; ਸੱਟ ਲਾਉਣਾ, to strike; ਸ਼ਿਕੈਤ ਲਾਉਣਾ, to complain; ਚਿਰ ਲਾਉਣਾ, to delay; ਵਕਤ ਲਾਉਣਾ, to spend time; ਵਹਿਮ ਲਾਉਣਾ, to indulge in a whim. The intransitive form of ਲਾਉਣਾ is ਲਗਣਾ which can be used with the above words.

4\. Note the construction ਮੇਰਾ ਕੋਈ ਕਸੂਰ ਨਹੀਂ (3) lit. any fault of mine (is) not. I have no fault. Compare ਕੋਈ ਆਦਮੀ ਨਹੀਂ, there is nobody, ਕੋਈ ਨਹੀਂ ਜਾਵੇਗਾ, no one will go.

5. The vocative (address) form of masculine proper nouns optionally takes -á, as ਵਜ਼ੀਰਾ !, O Wazir !, ਰਾਮਸਿੰਹਾ, O, Ramsingh ! (6). This form is getting obsolete. -ਸ in ਜਾਸ is a pronominal suffix. Panjabi has such suffixes in 2nd person (ਈ, ਊ) and 3rd person (ਸ, ਸੁ) - ਕੀਤਾਈ, you have done, ਕੀਤਾਸ or ਕੀਤਾਸੁ he has done. In intransitive verbs, it refers to both these persons, as ਜਾਸ, you go to him. ਗਿਆਈ, he has gone to you. Also see pattern 40.

6. ਭਈ (8) = ਭਾਈ and it is used to mean any body present, even a wife or a husband, son or father.

We can also say ਪੈਂਤੀਵਾਂ ਪੰਨਾ and ਬਾਰ੍ਹਵਾਂ ਪਾਠ or ਪੰਨਾ ਪੈਂਤੀ and ਪਾਠ ਬਾਰ੍ਹਾਂ.

7. ਸੁਣਾਉਣਾ (9) lit. means make one listen, i.e. causal form of ਸੁਣਨਾ, to listen.

8. The form ਕਢ-ਕਢਾ (11) (Kaḍh-Ka'ḍhá) is emphatic. The meaning is that they were taken out 'fully'. Ordinarily, all verbs can take such forms, eg. ਸੁਣ-ਸੁਣਾ, listen, ਬਣ-ਬਣਾ, make, ਕਰ-ਕਰਾ, do etc.

9. Additional vocabulary about school :—

| | |
|---|---|
| ਕਾਗਜ਼, paper | ਹਿਸਾਬ, maths |
| ਸਿਆਹੀ f., ink | ਇਤਿਹਾਸ, history |
| ਡੈਸਕ, desk | ਪੜ੍ਹਾਈ f., study, reading |
| ਭੂਗੋਲ, ਜੁਗਰਾਫੀਆ, geography | ਦਵਾਤ f., inkpot |
| ਬੋਲੀ f., dialect | ਬੈਂਚ, bench |
| ਸਾਇੰਸ f., science | ਅੰਗਰੇਜ਼ੀ f., English |
| ਕਲਮ f., pen | ਭਾਸ਼ਾ f., language |
| ਬਸਤਾ, satchel | ਲਿਖਾਈ f., writing. |

## 6.3 ਬਜ਼ਾਰ, Market

1. ਇਹ ਇਸ ਕਸਬੇ ਦਾ ਸਭ ਤੋਂ ਵੱਡਾ ਬਜ਼ਾਰ ਹੈ। ਆਓ
This this town's all-than big market is. Come
ਵੇਖੀਏ, ਇਥੇ ਕੀ-ਕੀ ਵਿਕਦਾ ਹੈ। ਇਧਰ ਹਲਵਾਈ ਦੀ
see-let-us, here what-what sold is. This-side confectioner's
ਦੁਕਾਨ ਹੈ। ਇਸਦੇ ਪਾਸ ਦੁੱਧ, ਦਹੀਂ, ਮਲਾਈ, ਮਿਠਿਆਈ, ਇਹੋ
shop is. Its near milk, curd, cream, sweets, these

ਜਿਹੀਆਂ ਚੀਜ਼ਾਂ ਮਿਲਦੀਆਂ ਹਨ। ਅੱਗੇ ਵੇਖੋ ! ਇਹ ਮੱਛੀ ਵਾਲਾ ਬੈਠਾ
like things available are. Ahead see ! This fish-man sitting
ਮੱਛੀ ਵੇਚ ਰਿਹਾ ਹੈ। ਅਗਲੀ ਦੁਕਾਨ ਕੁੰਜੜੇ ਦੀ ਹੈ। ਇਹਦੇ ਪਾਸ
fish sell -ing is. Next shop vegetable-seller's is. It to near
ਆਲੂ, ਗੋਭੀ, ਮਟਰ, ਟਮਾਟਰ, ਬੈਂਗਨ, ਭਿੰਡੀ, ਪਿਆਜ
potato, cauliflower, peas, tomato, brinjal, ladyfinger, onion,
ਤੇ ਕੁਝ ਹੋਰ ਸਬਜ਼ੀਆਂ ਪਈਆਂ ਹਨ।
and some other vegetables lying are.

2. ਉਹ ਸਾਹਮਣੇ ਵੇਖੋ। ਕਪੜੇ ਦੀ ਦੁਕਾਨ ਹੈ। ਠੰਡੇ ਗਰਮ
There in front see. Cloth-of shop (it) is. Cold warm
ਸੂਟਾਂ ਦਾ ਕਪੜਾ, ਕਮੀਜ਼ਾਂ ਦੇ ਵੰਨਗੀ ਵੰਨਗੀ ਦੇ ਕਪੜੇ ਰੰਗ
suits-of cloth, shirts-of variety variety-of clothes, several
ਬਿਰੰਗੀਆਂ-ਲਾਲ, ਪੀਲੀ, ਨੀਲੀ, ਬੈਂਗਨੀ, ਬਦਾਮੀ, ਪਿਆਜ਼ੀ-
colours of—red, yellow, blue, violet, almond-colour, onion-
ਰੰਗਾਂ ਦੀਆਂ ਸਾੜ੍ਹੀਆਂ ਮਿਲਦੀਆਂ ਹਨ।
colours of Sarees available are.

3. ਅੱਗੇ ਚਲੋ। ਤੁਸੀਂ ਕਹਿ ਰਹੇ ਸੀ, ਭਈ ਖਾਣ ਪੀਣ
Ahead go. You say -ing were, that eating drinking-
ਦਾ ਸਮਿਆਨ ਲੈਣਾ ਹੈ। ਆਓ ਵੇਖੀਏ। ਇਥੇ ਕਿਧਰੇ
of goods to take have. Come see-let-us. Here somewhere
ਲਾਲੇ ਦੀ ਦੁਕਾਨ ਹੋਣੀ ਹੈ। ਤੁਰੇ ਚਲੋ। ਉਹ ਖੱਬੇ
merchant's shop should be. Walking go on. There left
ਪਾਸੇ ਦੁਕਾਨ ਹੈ। ਵੇਖੀਏ ਇਥੇ ਕੀ-ਕੀ ਵਿਕਦਾ ਹੈ।
side shop is. See-let-us here what-what sold is.

4. ਗਾਹਕ- ਲਾਲਾ ਜੀ, ਘੀ ਹੈ ਤੁਹਾਡੇ ਪਾਸ?
Customer—Merchant Sir, rectified butter is you-with ?

5. ਦੁਕਾਨਦਾਰ- ਦੇਸੀ ਘੀ ਹੋਵੇਗਾ। ਬਨਾਸਪਤੀ ਨਹੀਂ ਹੈ।
Shopkeeper—country ghee shall be. Vegetable (ghee) not is.

6. ਗਾਹਕ- ਹਾਂ ਹਾਂ, ਮੈਨੂੰ ਵੀ ਦੇਸੀ ਈ ਚਾਹੀਦਾ
Customer—yes yes, to me also country (ghee) indeed wanted
ਹੈ। ਖਰਾ ਹੋਵੇ।
is. Pure should (it) be.

7. ਦੁਕਾਨਦਾਰ- ਜੀ, ਬਿਲਕੁਲ ਖਾਲਿਸ ਤੇ ਤਾਜ਼ਾ ਜੇ।
Shopkeeper—Please, totally unmixed and fresh it is.

ਲੈ ਵੇਖੋ।

Taking see.

8. ਗਾਹਕ— ਕੀ ਭਾਅ ਏ ?

Customer—what rate is (it) ?

9. ਦੁਕਾਨਦਾਰ—ਦਸ ਰੁਪਏ ਕਿਲੋ— ਇੱਕੋ ਮੁਕਦੀ ਗੱਲ।

Shopkeeper—Ten rupees (per) kilo—Only finishing word.

10. ਗਾਹਕ— ਕੁਝ ਰਿਐਤ ਨਹੀਂ ਕਰੋਗੇ?

Customer—Some concession won't you do?

11. ਦੁਕਾਨਦਾਰ—ਜੀ, ਪਹਿਲੋਂ ਈ ਕਹਿ ਦਿੱਤਾ ਭਈ

Shopkeeper—Sir, firstly of course have said that

ਇਕੋ ਗੱਲ। ਤੁਹਾਨੂੰ ਪੁਗਦਾ ਹੋਵੇ ਤਾਂ ਪੰਜ ਸੱਤ

only-one word. To you suits if does then five seven

ਕਿਲੋ ਲੈ ਜਾਓ। ਪਸੰਦ ਆਵੇਗਾ ਤਾਂ ਫੇਰ

kilos take away Liking it will come then again

ਵੀ ਆਵੋਗੇ। ਕਹੋ ਤਾਂ ਦੇਵਾਂ।

also you will come. If you say then I may give.

12. ਗਾਹਕ— ਭਈ ਰਿਐਤ ਕਰੋ, ਤਾਂ ਲਵੀਏ।

Customer—Well concession if you do, then we may take.

ਅਸਾਂ ਹੋਰ ਵੀ ਸੌਦਾ ਲੈਣਾ ਹੈ। ਚਾਵਲ

We other also merchandise to take have. Rice

ਦੇਹਰਾ ਦੂਨ ਦਾ ਹੈ ਨਾ ?

Dehra Doon's you have indeed?

13. ਦੁਕਾਨਦਾਰ— ਜਿੰਨਾ ਮੰਗੋ। ਚਾਵਲ, ਦਾਲ,

Shopkeeper—As much as you demand. Rice, lintels,

ਚੀਨੀ, ਨਮਕ, ਵੜੀਆਂ, ਪਾਪੜ, ਮਸਾਲੇ, ਸਭ ਕੁਝ

sugar, salt, Barees, Papar, spices, all something

ਤੁਹਾਨੂੰ ਬਜ਼ਾਰ ਨਾਲੋਂ ਸਸਤਾ ਈ ਦੇਵਾਂਗਾ।

to you market compared cheap of course I shall give.

ਤੁਸੀਂ ਦੋ ਦੁਕਾਨਾਂ ਪੁਛ-ਪਛ ਲਓ।

You two shops enquire about.

14. ਗਾਹਕ— ਚਾਵਲ ਕੀ ਭਾਅ ਏ ?

Customer—Rice what rate is ?

15. ਦੁਕਾਨਦਾਰ— ਭਾਅ ਪੁਛੋ ਤਾਂ ਦੋ ਰੁਪਏ ਕਿਲੋ,

Shopkeeper—Rate if you ask then two rupees (per) kilo,

ਪਰ ਤੁਹਾਨੂੰ ਪੌਣੇ ਦੋ ਲਾ ਦਿਆਂਗਾ। ਵੇਖੋ, ਜ਼ਰਾ
but to you quarter-to two charge I will. See, just
ਦਾਣਾ ਵੇਖੋ।
grain you see.

16. ਗਾਹਕ— ਅੱਛਾ ਦੇ ਦਿਓ। ਦੋ ਕਿਲੋ ਘੀ ਤੇ ਦੋ
Customer—All right give. Two kilos ghee and two
ਈ ਕਿਲੋ ਚਾਵਲ।
only kilos rice.

17. ਦੁਕਾਨਦਾਰ— ਘਿਓ ਦੇ ਹੋ ਗਏ ਦਸ ਦੂਣੇ
Shopkeeper— Ghee of have amounted ten into two
ਵੀਹ ਤੇ ਸਾਢੇ ਤਿੰਨ ਚਾਵਲਾਂ ਦੇ। ਕੁਲ ਹੋ ਗਏ
twenty and Half-and three rice -of. All (they) become
ਸਾਢੇ ਤੇਈ।
Half and twenty-three (rupees).

18. ਗਾਹਕ— ਐਹ ਲਓ ਜੀ, ਦਸ ਤੇ ਦਸ ਤੇ ਪੰਜ।
Customer— Here take Sir, ten and ten and five
ਬਾਕੀ ਮੋੜ ਦੇਓ।
(rupee notes), Remainder return.

19. ਦੁਕਾਨਦਾਰ— ਲਓ ਜੀ, ਡੇਢ ਰੁਪਈਆ।
Shopkeeper— Take Sir, one and a half rupee.
ਹੋਰ ਦੱਸੋ।
Something more tell.

20. ਗਾਹਕ— ਬਸ ਮਿਹਰਬਾਨੀ। ਹੋਰ ਤਾਂ
Customer— That's all your kindness. More of course
ਕੁਝ ਨਹੀਂ ਚਾਹੀਦਾ।
something not is wanted.

21. ਦੁਕਾਨਦਾਰ— ਅੱਛਾ ਜੀ, ਨਮਸਤੇ।
Shopkeeper—All right Sir, Greetings.

22. ਗਾਹਕ— ਨਮਸਤੇ, ਨਮਸਤੇ।
Customer— Greetings.

## Notes

1. The word ਕਸਬਾ (1), for a town with a population between five and fifteen thousand, is not very commonly used. We have either

a ਪਿੰਡ, village, or a ਸ਼ਹਿਰ/ਨਗਰ, city.

2. ਮਲਾਈ$^{f}$ is scum which comes over boiled milk. 'Cream' is also called ਮਲਾਈ, now ਕ੍ਰੀਮ$^{f}$.

3. ਕੁੰਜੜਾ (1) is in fact a caste of people who keep a farm and sell vegetables. Every vegetable-seller cannot be called a ਕੁੰਜੜਾ. He is just a ਸਬਜ਼ੀਵਾਲਾ.

4. ਠੰਡਾ ਸੂਟ (2) is either cotton or silken suit, and ਗਰਮ ਸੂਟ (2) is woollen.

5. ਸਾੜ੍ਹੀ$^{f}$ (2) is ladies' cloth, untailored. It is tied round the waist and hung in loose flaps, a part of it being wrapped about the upper part of the body. Usually it is five meters in length. An inferior (cotton) form of it is called ਧੋਤੀ$^{f}$.

6. ਭਈ (3), that may be compared with ਭਾਈ, brother, and ਭਾਈ, any person—6.2 (note 6).

7. ਲਾਲਾ (4) is a term used for non-Brahmin Hindu shopkeepers and elderly people (ਲਾਲਾ ਜੀ).

8. ਘੀ (4) is prepared by boiling butter and burning the whey in it. ਦੇਸੀ ਘੀ (5) is in fact pure ghee.

9. Note the passive construction with ਚਾਹੀਦਾ (6). Also Cf. 6.1 (note 6).

10. ਜੇ (7) is 2nd person pronominal suffix in plural or showing respect. Cf. -ਈ (non-honorific and singular)—6.2 (note 5).

11. ਏ (8) is now more common than ਹੈ. The aspiration in all conjugational forms of ਹੈ is subdued.

12. Many customers are in the habit of haggling. The shop-keepers, naturally, first quote a higher price, and reduce it gradually as the customer starts quoting the lowest. In cities, most of the shopkeepers keep fixed prices ਇੱਕੋ ਮੁਲ. To avoid haggling, a shopkeeper would warn the customer and the former would say ਇੱਕੋ ਗੱਲ, one word, or ਮੁਕਦੀ ਗੱਲ (9), the last word.

13. /ਹ/, h, in medial position of a syllable, is deaspirated, and unstressed. Thus ਕਹੋ (11) sounds very much like 'kao'.

14. ਦੇਹਰਾ ਦੂਨ (12) is the name of a town and district in Uttar Pradesh about 300 Kilometers in the north from Delhi.

15. ਵੜੀ (13) = a small lump of wet ground pulse-cereals mixed with spices.

ਪਾਪੜ (13), a thin crisp cake like a ਫੁਲਕਾ (vide 1.6, note 3), made of any pulse-cereal.

16. ਪੁਛ-ਪਛ (14). Cf. this formation with ਕਢ-ਕਢਾ, etc. (6.2, note 8). ਪੁਛ-ਪਛ means 'asking, et cetra'. Also see pattern 180 (3).

17. ਬਸ (20) is used to denote 'finished, 'that's all'. Other uses are—ਬਸ ਕਰੋ, finish; ਹੋਰ ਬਸ, nothing more.

ਮਿਹਰਬਾਨੀ, kindness, is commonly used to mean 'thanks'. It actually means ਤੁਹਾਡੀ ਮਿਹਰਬਾਨੀ, it is kind of you.

18. ਨਮਸਤੇ (21) is a term of greeting used by a large number of educated Hindus. It is used to mean 'good morning', 'good evening', 'good night', 'good bye' etc. Older and more common forms are ਰਾਮ ਰਾਮ i.e. may Rama bless you; ਜੈ ਰਾਮ ਜੀ ਕੀ, Rama's victory to you; ਜੈ ਸ੍ਰੀ ਕ੍ਰਿਸ਼ਨ, Krishna's victory to you. The other person also usually responds in the same form—ਨਮਸਤੇ, ਰਾਮ ਰਾਮ, ਜੈ ਰਾਮ ਜੀ ਕੀ, ਜੈ ਸ੍ਰੀ ਕ੍ਰਿਸ਼ਨ, as the case may be.

## 6.4 ਸਾਡਾ ਭੋਜਨ, Our Meal

1. ਉੱਪਰ ਦਿੱਤੀ ਤਸਵੀਰ ਵਿਚ ਮਦਨ ਤੇ ਕਾਂਤਾ ਦੋ ਭੈਣ
   Above given picture-in Madan and Kántá two sister
   ਭਰਾ ਹਨ।
   brother are.
2. ਉਹ ਹੁਣੇ ਸਕੂਲੋਂ ਆਏ ਹਨ।
   They just-now school-from come are (have).
3. ਉਨ੍ਹਾਂ ਦੀ ਮਾਤਾ ਚੌਂਕੇ ਵਿਚ ਬੈਠੀ ਭੋਜਨ (ਰੋਟੀ) ਤਿਆਰ ਕਰ
   Them-of mother square in seated meal ready do
   ਰਹੀ ਸੀ।
   -ing was.
4. ਇਕ ਪਾਸੇ ਦੋ ਮੂੜ੍ਹੇ ਪਏ ਹਨ।
   One side-on two stools lying are.
5. ਇਕ ਮੂੜ੍ਹੇ ਉੱਤੇ ਮਦਨ ਬੈਠਾ ਹੈ; ਦੂਜੇ ਮੂੜ੍ਹੇ ਉੱਤੇ
   One stool -on Madan seated is; other stool -on

ਕਾਂਤਾ

Kántá.

6. ਦੋਹਾਂ ਦੇ ਅੱਗੇ ਰੋਟੀ ਤੇ ਸਬਜ਼ੀਆਂ ਪਰੋਸੀਆਂ ਹੋਈਆਂ ਹਨ।

Both-of in front bread and vegetables served are.

7. ਦੋਵੇਂ ਬੜੇ ਸੁਆਦ ਨਾਲ ਭੋਜਨ ਖਾ ਰਹੇ ਹਨ।

Both great taste-with meal eat -ing are.

8. ਇਹ ਇਨ੍ਹਾਂ ਦਾ ਦੁਪਹਿਰ ਦਾ ਭੋਜਨ ਹੈ।

This their's noon-of meal is.

9. ਸਵੇਰੇ ਛਾਹ ਵੇਲੇ ਵੀ ਇਹ ਲੋਕੀਂ ਕੁਝ ਖਾ

Morning-in whey time-at also these people something eat

ਪੀ ਜਾਂਦੇ ਹਨ।

drink go.

10. ਪੇਂਡੂ ਲੋਕ ਤਦ ਲੱਸੀ, ਮੱਖਣ, ਮਿੱਸੀ ਰੋਟੀ, ਦੁੱਧ,

Villager people then whey, butter, coarse bread, milk,

ਅਚਾਰ, ਗੰਢਾ ਖਾਂਦੇ ਹਨ।

pickle, onion eat.

11. ਸ਼ਹਿਰ ਦੇ ਵਾਸੀ ਚਾਹ, ਕੇਕ, ਡਬਲ ਰੋਟੀ, ਮੁਰੱਬਾ, ਅੰਡੇ

City-of residents tea, cake, bread, jam, eggs

ਖਾ ਲੈਂਦੇ ਹਨ।

do eat-up.

12. ਮਦਨ ਤੇ ਕਾਂਤਾ ਸ਼ਾਮ ਨੂੰ ਵੀ ਕੁਝ ਖਾਂਦੇ ਹਨ।

Madan and Kántá evening-to (in) also something eat.

13. ਰਾਤ ਨੂੰ ਦਾਲ, ਰੋਟੀ ਖਾ ਲੈਂਦੇ ਹਨ।

Night-to (in) pulses, bread do eat-up.

14. ਕੁਝ ਲੋਕ ਚਾਵਲ ਵੀ ਖਾਂਦੇ ਹਨ।

Some people rice also eat.

15. ਪੇਂਡੂ ਲੋਕ ਸੇਵੀਆਂ, ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ

Villager people vermicelli, mustard pot-herbs, maize-bread,

ਖੁਸ਼ ਹੋ ਕੇ ਖਾਂਦੇ ਹਨ।

pleasing (they) eat.

16. ਮਦਨ ਦੀ ਮਾਂ ਮਸਾਲੇਦਾਰ ਖਾਣਾ ਪਸੰਦ ਨਹੀਂ ਕਰਦੀ।

Madan's mother spiced food like not does.

17. ਬਹੁਤੇ ਲੋਕਾਂ ਨੂੰ ਮਿਰਚ ਮਸਾਲੇ ਦਾ ਸ਼ੌਕ ਹੁੰਦਾ ਹੈ।

Many people-to chillies spice-of fondness is.

## Notes

1. ਸਕੂਲੋਂ (2) is a syncopated form of ਸਕੂਲ ਥੋਂ, school-from. Similarly, we have ਘਰੋਂ, from the house (wife), ਸ਼ਹਿਰੋਂ, from the city, ਬਾਹਰੋਂ, from outside, ਅੰਦਰੋਂ, from inside, etc.

2. ਰੋਟੀ (3), bread, also stands for the entire meal, including bread, curry, vegetables, curd and all that.

3. ਮੂੜ੍ਹਾ (4) is a stool made of reeds, its seat being woven with strings.

4. Names of Sikh males end in -ਸਿੰਘ, and of Sikh females in -ਕੌਰ. Those of Hindu males end generally in -ਲਾਲ, ਚੰਦ, ਨਰਾਇਣ, ਦੇਵ, ਦਾਸ, ਨਾਥ and many other epithets, and of females in ਕੁਮਾਰੀ, ਦੇਵੀ (ਦੇਈ); etc. Examples:

ਨਰਾਇਣ ਸਿੰਘ, ਗੁਰਦਿਆਲ ਸਿੰਘ, ਅਨੂਪ ਸਿੰਘ, ਸੋਹਣ ਸਿੰਘ, ਕ੍ਰਿਪਾਲ ਸਿੰਘ, ਦੇਵਿੰਦਰ ਸਿੰਘ, ਗੁਰਦੀਪ ਕੌਰ, ਸੁਰਿੰਦਰ ਕੌਰ, ਅਨੂਪ ਕੌਰ, ਭੁਪਿੰਦਰ ਕੌਰ, ਹਰਬੰਸ ਕੌਰ; ਨਰਾਇਣ ਦਾਸ, ਗੋਪਾਲ ਚੰਦ, ਮਦਨ ਲਾਲ, ਸੋਹਣ ਲਾਲ, ਹਰੀ ਦੇਵ, ਜਤਿੰਦਰ ਨਾਥ, ਸ਼ਾਮ ਨਾਰਾਇਣ; ਸੁਰਸਤੀ ਦੇਈ, ਵੇਦ ਕੁਮਾਰੀ, ਧਰਮ ਦੇਵੀ, ਕਾਂਤਾ ਦੇਵੀ, etc., etc.

Names are shortened by omitting the second element, and then we say ਸੋਹਣ, ਮਦਨ (5), ਕਾਂਤਾ (5), ਭੁਪਿੰਦਰ, ਸੁਰਸਤੀ and so on.

5. The names of divisions of time are interesting. They show the real cultural need of the villagers ਪ੍ਰਭਾਤ ਵੇਲਾ (or Sikhs' ਗੁਰਾਂ ਵੇਲਾ), before sunrise; ਛਾਹ ਵੇਲਾ (9), at about 8 a.m., when they take sour milk (ਛਾਹ); ਰੋਟੀ ਵੇਲਾ, at about 10 a.m., when they take meal; ਦੁਪਹਿਰ, noon, when two parts of the day are passed and two left; ਲੌਢਾ (ਤ੍ਰਿਕਾਲਾਂ) ਵੇਲਾ, evening etc.

6. ਮਿੱਸੀ ਰੋਟੀ^f (10) literally means mixed bread, i.e. composed of flour of wheat, gram, barley, maize, etc. But bread made of any one grain other than wheat is called ਮਿੱਸੀ ਰੋਟੀ^f.

7. ਡਬਲ ਰੋਟੀ^f (11) is the western form of bread obtained from bakery.

8. **Additional Vocabulary:**

ਫਲ, fruit—ਕੇਲਾ, banana; ਨਾਰੀਅਲ, cocoa-nut; ਸ਼ਰੀਫ਼ਾ, custard-apple; ਅੰਗੂਰ, grape; ਅਮਰੂਦ, guava; ਅੰਬ, mango; ਸਰਦਾ, melon; ਖਰਬੂਜ਼ਾ, musk-melon; ਤਰਬੂਜ਼, water-melon; ਸੰਗਤਰਾ, orange; ਮਾਲਟਾ, thick orange;

ਆੜੂ, peach; ਨਾਸ਼ਪਾਤੀ[f]/ਨਾਖ[f], pear; ਆਲੂ ਬੁਖਾਰਾ, plum; ਅਨਾਰ, pomegranate; ਸਿਓ, apple.

ਸਬਜ਼ੀਆਂ, vegetables— ਸੇਮ bean; ਵੈਂਗਣ/ਭਾਟਾ, brinjal; ਬੰਦ ਗੋਭੀ[f], cabbage; ਗਾਜਰ[f], carrot; (ਫੁਲ) ਗੋਭੀ[f], cauliflower; ਪਿਆਜ, onion; ਕੱਦੂ, pumpkin; ਪੇਠਾ, gourd; ਭਿੰਡੀ, lady-finger; ਤੋਰੀ[f], okra, ਮਟਰ, peas; ਆਲੂ, potato; ਮੂਲੀ[f], radish; ਸ਼ਲਗਮ, turnip; ਟਮਾਟਰ, tomato; ਪਾਲਕ[f], spinach.

ਅੰਨ, grain—ਕਣਕ[f]/ਗੇਹੂੰ, wheat; ਜੌਂ, barlay; ਬਾਜਰਾ, millet; ਮਕਈ[f], maize/corn; ਚਾਵਲ, rice; ਦਾਲ[f], pulse; ਧਾਨ, paddy; ਮਾਂਹ/ਉੜਦ, black bean; ਮੂੰਗ, kidney bean; ਤਿਲ, sesame; ਆਟਾ, flour.

## 6.5 ਮੁਲਾਕਾਤ, Meeting

1. ਰਾਮ ਚੰਦ- ਕੋਈ ਹੈ ਅੰਦਰ? ਕਿਉਂ ਭਾਈ ਘਰ ਵਾਲਿਓ?
Anybody is inside? Well, you of the house?

2. ਗੋਪਾਲ ਸਿੰਘ-(ਅਵਾਜ਼ ਪਛਾਣ ਕੇ) ਲਗਦਾ ਹੈ ਰਾਮ
(recognizing the voice) (it) appears (it) Ram
ਚੰਦ ਏ। ਆ ਜਾ ਭਾਈ। ਅੰਦਰ ਆ ਜਾ।
Chand is. Come on brother. In come on.

3. ਰਾਮ ਚੰਦ- ਆ ਗਿਆ। ਸੁਣਾ, ਭਰਾਵਾ, ਕੀ ਹਾਲ (ਚਾਲ) ਹੈ?
(I) have come up. Tell, brother, what matter is?

4. ਗੋਪਾਲ ਸਿੰਘ- ਸਭ ਠੀਕ ਹੈ। ਹੁਣੇ ਹੁਣੇ ਫਕੀਰ ਸਿੰਘ
All well is (O.K.). Just now Fakir Singh
ਬੈਠਾ ਸੀ। ਬਸ ਤੇਰੀਆਂ ਹੀ ਗੱਲਾਂ ਕਰ ਰਹੇ ਸੀ।
seated was. Just your alone talk (we) do ing were.
ਵੱਡੀ ਉਮਰ ਹੈ ਤੇਰੀ। ਸੁਣਾ ਕੀ ਹਾਲ ਹੈ?
Long life is yours. Tell what condition is yours?

5. ਰਾਮ ਚੰਦ- ਗੱਲਾਂ ਕੀ ਕਰਦੇ ਪਏ ਸਓ, ਭਾਈ।
Talk what do ing (you) were, brother?
ਹਾਲ ਤਾਂ ਚੰਗਾ ਹੈ। ਆਪਣੀ ਸੁਣਾਓ।
Condition of course all right is. Yours tell.

6. ਗੋਪਾਲ ਸਿੰਘ-ਈਹੋ ਜੇ ਰਾਮਚੰਦ ਬੜਾ ਅੱਛਾ ਖਿਡਾਰੀ
This much that Ramchand very good player
ਹੈ। ... ਬੈਠ ਨਾ, ਖੜੋਤਾ ਹੀ ਰਹਿਣਾ ਈ ਕਿ?
is. ... Sit down, standing alone to remain you have, is it?

7. ਰਾਮ ਚੰਦ-ਮੇਰਾ ਇਕ ਸਾਥੀ ਬਾਹਰ ਖੜੋਤਾ ਹੈ। ਅਸੀਂ
My one companion outside standing is. We
ਕਿਧਰੇ ਜਾ ਰਹੇ ਹਾਂ।
somewhere go ing are.

8. ਗੋਪਾਲ ਸਿੰਘ-ਵਾਹ ਭਾਈ ਵਾਹ ! ਉਹਨੂੰ ਵੀ ਅੰਦਰ ਕਿਉਂ
Well brother well! Him also inside why
ਨਹੀਂ ਲਿਆਇਆ? ਬਾਹਰ ਕਿਥੇ ਖੜਾ ਕਰ ਦਿੱਤਾ ਈ?
not (you) brought ? Outside where stand you-made-him ?

9. ਰਾਮ ਚੰਦ-ਉਹ ਜ਼ਰਾ ਸ਼ਰਮਾ ਰਿਹਾ ਸੀ। ... ਮਿਸਟਰ ਸਮਿਥ,
He a little shy feel ing was. ... Mr. Smith,
ਆਓ। ਅੰਦਰ ਆ ਜਾਓ। ਇਹ ਨੇ ਮੇਰੇ ਪੁਰਾਣੇ ਦੋਸਤ। ਇਹ
come. Inside come in. He is my old friend. He
ਨੇ ਅਸਾਡੇ ਅਮਰੀਕਨ ਮਹਿਮਾਨ ਮਿਸਟਰ ਸਮਿਥ। ਤੇ ਨਾਲ
is our American guest Mr. Smith. And with (him)
ਹੈ ਇਨ੍ਹਾਂ ਦਾ ਪੁੱਤ।
is his son.

10. ਸਮਿਥ- ਨਮਸਤੇ ਜੀ।
Greetings.

11. ਗੋਪਾਲ ਸਿੰਘ-ਸਤ ਸ੍ਰੀ ਅਕਾਲ, ਮਿਸਟਰ ਸਮਿਥ ! ਤੁਹਾਡੇ ਦਰਸ਼ਨ
Greetings, Mr. Smith ! Your sight
ਕਰ ਕੇ ਮੈਨੂੰ ਬਹੁਤ ਬਹੁਤ ਖੁਸ਼ੀ ਹੋਈ ਏ।
having done to me very much pleasure has been.
ਬੈਠੋ।
Please sit.

12. ਸਮਿਥ-ਧੰਨਵਾਦ। ਅਸੀਂ ਵੀ ਤੁਹਾਨੂੰ ਮਿਲਕੇ ਖੁਸ਼ ਹਾਂ।
Thanks. We also you having met pleased are,
ਰਾਮਚੰਦ ਜੀ, ਇਨ੍ਹਾਂ ਦਾ ਸ਼ੁਭ ਨਾਉਂ ਤਾਂ
Ram Chand Sir. His auspicious name of course
ਤੁਸਾਂ ਦਸਿਆ ਨਹੀਂ।
you have told not.

13. ਗੋਪਾਲ ਸਿੰਘ-ਮੇਰਾ ਨਾਂ ਗੋਪਾਲ ਸਿੰਘ ਹੈ। ਆਪ ਜੀ ਦਾ
My name Gopal Singh is. Your honour's

ਪੂਰਾ ਨਾਉਂ ਕੀ ਹੈ?
full name what is?

14. ਸਮਿਥ- ਰਿਚਰਡ ਹਨਰੀ ਸਮਿਥ।
Richard Henry Smith.

15. ਗੋਪਾਲ ਸਿੰਘ-ਕਾਕਾ, ਤੇਰਾ ਕੀ ਨਾਉਂ ਏ?
Boy, your what name is?

16. ਸਮਿਥ-ਇਹ ਪੰਜਾਬੀ ਨਹੀਂ ਜਾਣਦਾ। ਇਸਦੇ ਨਾਲ ਅੰਗਰੇਜ਼ੀ
He Panjabi not knows. His with English-
ਵਿਚ ਗਲ ਕਰੋ। ਇਸਦਾ ਨਾਂ ਵਿਲੀਅਮ ਹੈ।
in talk do. His name William is.

17. ਗੋਪਾਲ ਸਿੰਘ-ਅਮਰੀਕਾ ਵਿਚ ਤੁਹਾਡਾ ਘਰ ਕਿਥੇ-ਕੁ ਹੈ?
America-in your house where about is ?

18. ਸਮਿਥ-ਅਸੀਂ ਕੈਲੀਫੋਰਨੀਆਂ ਵਿਚਕਾਰ ਬਰਕਲੇ ਦੇ ਕੋਲ ਦੇ
We California - in Berkley's near of
ਰਹਿਣ ਵਾਲੇ ਹਾਂ। ਨੇੜੇ ਹੀ ਇਕ ਪਿੰਡ ਹੈ।
residents are. Near quite a village is.

19. ਗੋਪਾਲ ਸਿੰਘ-ਤੁਸੀਂ ਕੀ ਕੰਮ ਕਰਦੇ ਹੋ?
You what work do?

20. ਸਮਿਥ-ਅਸੀਂ ਖੇਤੀ ਬਾੜੀ ਕਰਦੇ ਹਾਂ। ਇਹ ਮੁੰਡਾ ਸਕੂਲ
We agriculture do. This boy school-
ਵਿਚ ਪੜ੍ਹਦਾ ਹੈ।
in studies.

21. ਗੋਪਾਲ ਸਿੰਘ-ਸਕੂਲ ਵਿਚ ਯਾ ਕਾਲਿਜ ਵਿਚ? ਦਿਸਦਾ ਤਾਂ
School-in or college-in? Looks of course
ਵੱਡਾ ਸਾਰਾ ਹੈ।
bigger is.

22. ਸਮਿਥ-ਮੈਂ ਨਹੀਂ ਸਮਝਿਆ। ਜ਼ਰਾ ਹੌਲੇ-ਹੌਲੇ ਬੋਲੋ।
I not did understand. A little slowly speak.

23. ਗੋਪਾਲ ਸਿੰਘ-ਜਾਪਦਾ ਹੈ ਜੇ ਇਹਦੀ ਉਮਰ ਬਹੁਤ ਹੈ। ਇਹਨੂੰ
Appears that his age much is. To him
ਹੁਣ ਤਾਈਂ ਕਾਲਿਜ ਵਿਚ ਹੋਣਾ ਚਾਹੀਦਾ ਹੈ।
now till college-in should be.

24. ਸਮਿਥ-ਨਹੀਂ ਜੀ। ਇਹ ਤਾਂ ਹਾਲੀਂ ਕੁਲ ਪੰਦਰਾਂ
No Sir. He of course as yet in all fifteen

ਸਾਲਾਂ ਦਾ ਹੈ। ਕੱਦ ਜ਼ਰੂਰ ਲੰਬਾ ਸੂ।
years of is. Size of course tall is.

25. ਗੋਪਾਲ ਸਿੰਘ-ਮਾਫ਼ ਕਰਨਾ। ਮੈਂ ਗਲਾਂ-ਕਥਾਂ ਵਿਚ ਭੁੱਲ
Excuse (me). I talkings-in forgot
ਈ ਗਿਆ। ਦੱਸੋ ਚਾਹ ਪੀਓਗੇ ਯਾ ਕਾਫ਼ੀ?
altogether. Say tea you will drink or coffee?

26. ਰਾਮਚੰਦ-ਅਸੀਂ ਚਾਹ ਸ਼ਾਹ ਪੀ ਆਏ ਹਾਂ।
We tea, etc. drinking have come.

27. ਗੋਪਾਲ ਸਿੰਘ-ਭਾਈ, ਇਕ ਅਧ ਫਲ ਈ ਖਾ ਲਓ।
Brother, one or half fruit just eat up.

28. ਸਮਿਥ-ਧੰਨਵਾਦ। ਸਾਨੂੰ ਦੇਰ ਹੋ ਰਹੀ ਹੈ। ਅਸਾਂ ਡਾਕਖਾਨੇ
Thanks, To us delay getting is. We Post-office
ਜਾਣਾ ਹੈ। ਪੰਜ ਵਜੇ ਬੰਦ ਹੋ ਜਾਵੇਗਾ।
to go have. Five o'clock closed (it) will be.
ਪੌਣੇ ਪੰਜ ਵਜ ਰਹੇ ਹਨ।
Quarter to five striking are.

29. ਗੋਪਾਲ ਸਿੰਘ- ਡਾਕਖਾਨਾ ਕਿਹੜਾ ਦੂਰ ਹੈ? ਇਹ
Post-office what distance is? This (just)
ਦੋ ਕਦਮ।
two paces.

30. ਰਾਮਚੰਦ-ਉਥੇ ਥੋੜਾ ਕੰਮ ਵੀ ਤਾਂ ਹੈ।
There a little work also of course is.
ਜਾਣ ਦਿਓ।
Go let (us).

31. ਗੋਪਾਲ ਸਿੰਘ-ਅੱਛਾ, ਮਿਸਟਰ ਸਮਿਥ; ਤੁਸੀਂ ਕਿੰਨੇ-
Allright, Mr. Smith. You how many
ਕੁ ਦਿਨ ਇਥੇ ਰਹੋਗੇ।
approximately days here will be.

32. ਸਮਿਥ- ਤਿੰਨ ਚਾਰ ਦਿਨ।
Three (or) four days.

33. ਗੋਪਾਲ ਸਿੰਘ-ਤਾਂ ਕਲ੍ਹ ਯਾ ਪਰਸੋਂ ਇਥੇ ਮੇਰੇ ਪਾਸ
Then tomorrow or day-after here me-with
ਖਾਣਾ ਖਾਣ ਆ ਸਕੋਗੇ ਨਾ?
meal to eat come can you?

34\. ਸਮਿਥ- ਤੁਸੀਂ ਕਿਉਂ ਤਕਲੀਫ (ਖੇਚਲ) ਕਰਦੇ ਹੋ?
You why trouble do?

35\. ਗੋਪਾਲ ਸਿੰਘ-ਨਹੀਂ ਨਹੀਂ। ਕਿਉਂ ਰਾਮਚੰਦ?
No no. How is it Ramchand?

36\. ਰਾਮਚੰਦ- ਭਾਈ ਮੈਨੂੰ ਕੀ ਇਨਕਾਰ ਹੈ?
Brother, to me what refusal is?

37\. ਗੋਪਾਲ ਸਿੰਘ-ਕਦ?
When?

38\. ਰਾਮਚੰਦ-ਮਿਸਟਰ ਸਮਿਥ, ਕਲ੍ਹ ਈ ਠੀਕ ਹੈ।
Mr. Smith, tomorrow just right (it) is.

39 ਸਮਿਥ- ਠੀਕ ਹੈ।
Right (it) is.

40\. ਗੋਪਾਲ ਸਿੰਘ-ਅੱਛਾ। ਪੱਕੀ ਗਲ ਹੋ ਗਈ। ਕਾਕੇ ਨੂੰ
All right. Fixed word has been. To boy
ਵੀ ਨਾਲ ਲਿਆਣਾ। ਕਲ੍ਹ ਬਾਰ੍ਹਾਂ
also along with bring. Tomorrow twelve
ਸਾਢੇ ਬਾਰ੍ਹਾਂ ਵਜੇ।
half (past) twelve o'clock.

41\. ਰਾਮਚੰਦ-ਬਹੁਤ ਅੱਛਾ। ਚਲੀਏ। ਸਤ ਸ੍ਰੀ ਅਕਾਲ।
Verry well. Let us go. Greetings.

42\. ਸਭ-ਸਤ ਸ੍ਰੀ ਅਕਾਲ।
Greetings.

## Notes

1\. ਕਿਉਂ (1, 35) meaning 'why', is commonly used simply to draw attention, as Eng. 'well' or 'please'.

2\. Vocative of ਭਰਾ, brother, is ਭਰਾ or ਭਰਾਵਾ (3) (sing.), and ਭਰਾਵੇ (pl.).

3\. ਕੀ ਹਾਲ ਚਾਲ ਹੈ ? (3) is a very common question when people meet. It means 'How do you do'?

4\. ਕਿ (6), or, at the end of a question, stands for 'ਕਿ ਨਹੀਂ' 'or not'.

5\. ਵਾਹ (8) is an interjection, meaning 'well done !' 'good !' expressing appreciation.

6. ਈ in ਰਹਿਣਾ ਈ (6) and ਦਿੱਤਾ ਈ (8) is a pronominal suffix, meaning 'you'.

7. ਨੇ in ਇਹ ਨੇ ਮੇਰੇ ਦੋਸਤ (9), is a form of ਹਨ, are, also ਹੈ ਨੇ।

8. ਦਰਸ਼ਨ, (11) visit of a respectable person, is plural in Panjabi.

9. Note the passive construction in ਮੈਨੂੰ ਖੁਸ਼ੀ ਹੋਈ ਹੈ (11), ਮੈਨੂੰ ਤਕਲੀਫ਼ ਹੋਈ ਸੀ, to me trouble had happened, i.e. I was put to trouble, ਉਹਨੂੰ ਦਰਦ ਹੋ ਰਿਹਾ ਹੈ, to him pain is going on, he is feeling pain, etc.

10. We noted in the 2nd chapter that although the conjunct consonant/sm/in 'smith' (9, 11, 14, etc.) is not written as such in Gurmukhi, it is usually pronounced properly.

11. The enclitic -ਕੁ may be noted (17). It means 'approximately'. Thus, we have—ਚਾਰ -ਕੁ, about four, ਜ਼ਰਾ-ਕੁ, just a little, ਕਿਥੇ-ਕੁ (17), approximately where, ਕਦੋਂ-ਕੁ, approximately when, etc.

12. Compare ਚਾਹ-ਸ਼ਾਹ (26) and ਖੇਤੀ-ਵਾੜੀ (20). These are two forms of compounds. In one case, the first word is echoed with ਸ਼- . It can be used with any nouns, to mean 'et cetra', as ਹਵਾ-ਸ਼ਵਾ, ਪਾਣੀ-ਸ਼ਾਣੀ, ਲੜਾਈ-ਸ਼ੜਾਈ। The other form consists of two meaningful related words. This also denotes 'et cetra', as in ਦਾਲ-ਭਾਤ, ਰੋਟੀ-ਪਾਣੀ, ਸੌਦਾ-ਸੁਲਫ, etc.

13. ਸੁ (24) is 3rd person pronominal suffix. The real form is ਸੂ or ਹੈਸ. Also refer to 2.6 (note 5).

14. ਇਕ-ਅੱਧ (27) lit. one or a half, means 'a few'.

15. ਕਿਹੜਾ ਦੂਰ ਹੈ (29) is interrogative in form but means 'it is at a little distance', 'it is not distant'.

16. In Panjabi, we have one word ਪਰਸੋਂ (33) for 'day after tomorrow' and 'day before yesterday'. The verb, in past or future tense, determines the meaning.

## 6.6 ਕਿਸੇ ਦੇ ਘਰ ਮਹਿਮਾਨੀ, Hospitality at Somebody's Residence

1. ਰਾਮਚੰਦ - ਗੋਪਾਲ ਸਿੰਘ, ਗੋਪਾਲ ਸਿੰਘ। ਕਿਉਂ ਭਾਈ?

O Gopal Singh, Gopal Singh. How is it brother ?

ਕੋਈ ਹੈ? ਤੁਹਾਡੇ ਪਰਾਹੁਣੇ ਆ ਗਏ ਨੇ।

Anybody is (there) ? Your guests come have.

2. ਗੋਪਾਲ ਸਿੰਘ-ਆਓ ਜੀ। ਜੀ ਆਇਆਂ ਨੂੰ।
Come, Sir. Good to the comer (welcome)
ਸਤ ਸ੍ਰੀ ਅਕਾਲ। ਸਤ ਸ੍ਰੀ ਅਕਾਲ।
Greetings. Greetings.

3. ਰਾਮਚੰਦ ਤੇ ਸਮਿਥ - ਸਤ ਸ੍ਰੀ ਅਕਾਲ।
and — Greetings.

4. ਗੋਪਾਲ ਸਿੰਘ-ਠੀਕ ਹੋ ਕਾਕਾ ਜੀ? ਅਗੇ ਆਓ।
All right (you) are, boy dear? Forward come.
ਹੱਥ ਮਿਲਾਓ।
Hands join.

5. ਸਮਿਥ-ਮਾਫ਼ ਕਰਨਾ। ਸਾਨੂੰ ਥੋੜੀ ਦੇਰ ਹੋ ਗਈ ਹੈ।
Excuse (me). To us a little delay been has.
ਤੁਹਾਨੂੰ ਉਡੀਕਣਾ ਪਿਆ ਹੈ।
To you waiting has to be done.

6. ਗੋਪਾਲ ਸਿੰਘ-ਨਹੀਂ, ਨਹੀਂ। ਤੁਸੀਂ ਤਾਂ ਠੀਕ ਵਕਤ ਤੇ
No, no. You of course right time -at
ਆ ਗਏ ਹੋ। ਬੈਠੋ।
come have. Sit.

7. ਸਮਿਥ- (ਬੈਠਦਿਆਂ ਹੋਇਆਂ) ਮਾਫ਼ ਕਰਨਾ। ਉਸ ਦਿਨ, ਕਲ੍ਹ,
(Sitting) Excuse (me). That day, yesterday,
ਅਸੀਂ ਜ਼ਰਾ ਕਾਹਲੀ ਵਿਚ ਸੀ। ਸਾਨੂੰ ਡਾਕਖਾਨੇ ਬੜਾ
we bit hurry -in were. To us post-office-at very
ਜ਼ਰੂਰੀ ਕੰਮ ਸੀ।
important work was.

8. ਗੋਪਾਲ ਸਿੰਘ- ਕੋਈ ਗੱਲ ਨਹੀਂ ਜੀ। ਸੁਣਾਓ ਤੁਹਾਨੂੰ ਇਹ
Any matter not is sir. Tell, to you this
ਸ਼ਹਿਰ ਪਸੰਦ ਹੈ?
city liked is?

9. ਸਮਿਥ- ਮੈਨੂੰ. ਬੜਾ ਚੰਗਾ ਲਗਿਆ ਹੈ। ਵਿਲੀਅਮ ਕਹਿੰਦਾ ਹੈ
To me(it) very good felt us. William says
ਕਿ ਇਥੋਂ ਦੇ ਲੋਕ ਬੜੇ ਚੰਗੇ ਹਨ।
that here (this place)-cf people very good are.

10. ਗੋਪਾਲ ਸਿੰਘ-ਧੰਨ ਭਾਗ। ... ਮਾਫ਼ ਕਰਨਾ। ... ਸ਼ਾਮੂ,
Good luck. ... Excuse (me). ... Shamoo,

ਸ਼ਾਮੂ ... ਇਧਰ ਆ।
Shamoo. ... Hither come.

11. ਸ਼ਾਮੂ-ਜੀ ਹਾਂ। ਹੁਕਮ ਸਰਕਾਰ।
Sir yes. Order, (my) lord.

12. ਗੋਪਾਲ ਸਿੰਘ-ਕਾਕਾ, ਰੋਟੀ ਤਿਆਰ ਹੋਈ ਕਿ ਨਹੀਂ? ਕਿੰਨੀ
Boy, meal ready has-been or not? What
ਕੁ ਦੇਰ ਹੈ?
likely delay (there) is?

13. ਸ਼ਾਮੂ-ਸਰਕਾਰ, ਰੋਟੀ ਤਾਂ ਤਿਆਰ ਪਈ ਹੈ। ਬਸ ਹੁਕਮ ਦੀ
Sir, meal of course ready lying is. Just order's
ਦੇਰ ਹੈ।
delay (there) is.

14. ਗੋਪਾਲ ਸਿੰਘ-ਕਿਉਂ ਮਿਸਟਰ ਸਮਿਥ? ਕਿਉਂ ਰਾਮ ਚੰਦ,
How is it, Mr. Smith? How is it, Ram Chand,
ਕੀ ਖਿਆਲ ਹੈ? ਖਾਣਾ ਲਗਵਾਈਏ?
what thought is (yours)? Meal should be served?

15. ਸਮਿਥ ਤੇ ਰਾਮਚੰਦ- ਜੋ ਤੁਹਾਡੀ ਮਰਜ਼ੀ।
What your wish (is).

16. ਗੋਪਾਲ ਸਿੰਘ-ਚੰਗਾ ਭਾਈ ਸ਼ਾਮੂ। ਰੋਟੀ ਖਾ ਲਈਏ।
O.K. brother Shamoo. Meal eat let us.
ਲਿਆ। ਆਓ ਮਿਸਟਰ ਸਮਿਥ। ਚਲ ਕਾਕਾ। ਰਾਮ ਚੰਦ !
Bring. Come Mr. Smith. Go on boy. Ram Chand!

17. ਸਮਿਥ-ਜ਼ਰਾ ਤੁਹਾਡਾ ਮਕਾਨ ਵੇਖ ਲਈਏ।
Just your house see let (us).

18. ਗੋਪਾਲ ਸਿੰਘ-ਹਾਂ ਹਾਂ। ਬੜੀ ਖੁਸ਼ੀ ਨਾਲ। ਆਓ
Yes yes. Great pleasure-with. Come on
ਨਾ। ਕੁਲ ਪੰਜ ਕਮਰੇ ਨੇ- ਤਿੰਨ ਹੇਠਾਂ,
of course. In all five rooms (there) are— three below,
ਦੋ ਉਪਰ। ਹੇਠਾਂ ਇਹ ਬੈਠਕ ਹੈ, ਨਾਲ ਹੀ
two above. Below this sitting-room is, adjacent just
ਇਧਰ ਸੱਜੇ ਪਾਸੇ ਖਾਣ ਦਾ ਕਮਰਾ ਤੇ ਖੱਬੇ
this side right side (on) dining room and left
ਪਾਸੇ ਰਸੋਈ ਹੈ। ਅੱਗੇ ਨਾਲ ਲਗਿਆ ਹੋਇਆ ਗੁਸਲਖ਼ਾਨਾ
side-on kitchen is. Ahead adjacent attached bathroom

ਹੈ। ਉਪਰ ਸੌਣ ਦੇ ਕਮਰੇ ਹਨ। ਨਾਲ ਜੁੜਿਆ ਹੋਇਆ
is. Above sleeping rooms are. Adjacent joined(is)
ਟੱਟੀ - ਗੁਸਲਖ਼ਾਨਾ।
latrine - bathroom.

19. ਸਮਿਥ- ਵਾਹ ਵਾਹ। ਬੜਾ ਸੋਹਣਾ। ਕਿੰਨਾ ਕੁ ਟੱਬਰ
Very good. Very beautiful. How much family
ਹੈ, ਖ਼ੈਰ ਨਾਲ?
is (there), welfare with?

20. ਗੋਪਾਲ ਸਿੰਘ-ਅਸੀਂ ਚਾਰ ਜੀਅ ਹਾਂ ਤੇ ਇਕ ਨੌਕਰ।
We four beings are and a servant.

21. ਸਮਿਥ-ਤੁਹਾਡੀ ਘਰਵਾਲੀ ਇਥੇ ਹੀ ਹੈ ਨਾ?
Your wife here is or no?

22. ਗੋਪਾਲ ਸਿੰਘ-ਜੀ, ਅੰਦਰ ਰੋਟੀ ਬਣਾ ਰਹੀ ਹੈ। ਦੋ
Sir, inside meal (she) preparing is. Two
ਬੱਚੇ ਹਨ -ਇਕ ਕੁੜੀ, ਇਕ ਮੁੰਡਾ। ਛੋਟਾ
children (there) are —a girl, a boy. Small
ਪਰਵਾਰ, ਬਸ ਦੋ ਬੱਚੇ।
family, only two children.

23. ਸਮਿਥ-ਮੈਨੂੰ ਬੜੀ ਖ਼ੁਸ਼ੀ ਹੋਈ ਹੈ।
To me great pleasure has been.

24. ਰਾਮਚੰਦ-ਮਿਸਟਰ ਸਮਿਥ, ਤੁਹਾਨੂੰ ਹਿੰਦੁਸਤਾਨੀ ਖਾਣਾ ਕਿਹੋ
Mr. Smith, To you Indian meal how
ਜਿਹਾ ਲਗਦਾ ਹੈ?
like felt is?

25. ਸਮਿਥ-ਸਾਨੂੰ ਬੜਾ ਹੀ ਪਸੰਦ ਹੈ। ਇਹ ਕੋਫ਼ਤੇ, ਮਟਨ
To us very very liked is. These Koftas, mutton
ਪੁਲਾਅ, ਮੀਟ ਵਾਲਾ ਸਾਗ ਤੇ ...
Pulao meat- with greens and ...

26. ਗੋਪਾਲ ਸਿੰਘ-ਕੁਝ ਹੋਰ ਲਓ ਨਾ। ਤੁਸੀਂ ਤਾਂ
Something more take do. You of course
ਕੁਝ ਖਾ ਈ ਨਹੀਂ ਰਹੇ। ਮੀਟ ਸਬਜ਼ੀ ਲਓ। ਲਓ,
something eat not ing. Meat vegetable take. Take,
ਥੋੜੀ ਜਿਹੀ ਖੀਰ ਹੋਰ ਲਓ।
some little milked rice more take.

27. ਸਮਿਥ- ਬਸ। ਬਸ। ਖਾਣਾ ਇੰਨਾ ਸੁਆਦੀ
That is all. That's all. Food so much tasteful
ਸੀ। ਬਹੁਤ ਖਾ ਗਏ ਹਾਂ। ਹੁਣ ਚਲਦੇ ਹਾਂ।
was. Much (we) eaten have. Now we go.

28. ਗੋਪਾਲ ਸਿੰਘ-ਕਾਫ਼ੀ ਨਹੀਂ ਪੀਓਗੇ?
Coffee not (you) will drink?

29. ਸਮਿਥ-ਕਾਫ਼ੀ ਦਾ ਸ਼ੌਕ ਨਹੀਂ ਹੈ। ਧੰਨਵਾਦ। ਤੁਹਾਨੂੰ
Coffee's fondness not is. Thanks. To you
ਬੜੀ ਖੇਚਲ ਹੋਈ ਹੈ। ਇਹ ਖਾਣਾ ਯਾਦ
much trouble (there) has been. This meal memory-in
ਰਹੇਗਾ। ਮਿਹਰਬਾਨੀ।
will remain. (Your) kindness, i.e. thanks.

30. ਗੋਪਾਲ ਸਿੰਘ-ਨਹੀਂ, ਨਹੀਂ। ਖੇਚਲ ਕਾਹਦੀ। ਤੁਹਾਡੇ ਜਿਹੇ
No no: Trouble of what? You-like
ਮਿਹਰਬਾਨ ਨਿੱਤ ਆਨ। ਜੀ ਸਦਕੇ।
kind people daily let come. Heart (I) sacrifice.

31. ਸਮਿਥ-ਅੱਛਾ, ਹੁਣ ਇਜਾਜ਼ਤ ਦਿਓ। ਨਮਸਤੇ।
All right, now permission give. Greetings.

32. ਸਭ- ਨਮਸਤੇ। ਸਤ ਸ੍ਰੀ ਅਕਾਲ।
Everybody—Namaste. Sat Sri Akal.

## Notes

1. ਨੇ stands for ਹੈਂ ਨੇ or ਹਨ, are. See 6.5 (note 7).

2. ਜੀ ਆਇਆਂ ਨੂੰ (2) lit. means 'live long (ਜੀਓ) to those who come'. It is a form of 'welcome', combined with good wishes.

3. ਹੱਥ ਮਿਲਾਣਾ (4) lit. 'to join hands' means 'to shake hands'. Hand-shaking is done among males of almost equal age, rank or standard. Another very common practice is for both parties to fold their own hands and say ਸਤ ਸ੍ਰੀ ਅਕਾਲ or ਨਮਸਤੇ। Younger people bow down to touch the feet of their elders, especially near relatives, who give the former their blessings—ਜੀਂਦਾ ਰਹਿ, may you live long, ਵਡੀਆਂ ਉਮਰਾਂ, may you have long age, etc. Ladies do not shake hands with either men or ladies.

4. Note the passive construction with compound verb ਉਡੀਕਣਾ ਪਿਆ, had to wait. Similarly, ਜਾਣਾ ਪਿਆ, had to go, ਕਰਨਾ ਪਿਆ, had to do, ਖਾਣਾ ਪਿਆ, had to eat, etc. take the doer in accusative form—ਉਹਨੂੰ, ਤੈਨੂੰ, ਗੋਪਾਲ ਸਿੰਘ ਨੂੰ and so on. Also see pattern 251 (4). (after soon)

The same passive construction with ਪਸੰਦ (8, 25) and ਚੰਗਾ/ਬੁਰਾ ਲਗਦਾ ਹੈ (9, 24) has already been noted earlier—6.1 (note 6).

5. ਧੰਨ ਭਾਗ (10) lit. our luck (ਭਾਗ) is blessed, is an exclamation, meaning 'we are lucky'. It is used in plural as ਸਾਡੇ ਧੰਨ ਭਾਗ।

6. ਸਰਕਾਰ (11) lit. government, means 'Sir', 'my lord', 'my master'.

7. Note the use of ਲਗਣਾ, ਲਗਾਣਾ, ਲਗਵਾਣਾ with ਖਾਣਾ (meal) (14), to mean 'serve'.

8. ਖੈਰ ਨਾਲ (19), with welfare, is said to express something in good faith, to avoid an evil eye, to wish well.

9. ਕੋਫ਼ਤੇ (25) are small balls of minced meat with spices, fried in butter and prepared in curry. ਪੁਲਾਅ (25) is made of rice cooked in butter with ਵੜੀਆਂ, ਸਾਗ, ਮਾਸ, ਮਟਰ, ਪਿਆਜ਼, etc.

10. ਜਿਹਾ (26) after adjectives has the sense of -ish in English, as ਕਾਲਾ ਜਿਹਾ, blackish, ਅੰਨ੍ਹਾ ਜਿਹਾ, blindish, ਨਿੱਕਾ ਜਿਹਾ, smallish, ਵੱਡਾ ਜਿਹਾ, biggish.

11. ਜੀਅ ਸਦਕੇ (30), means 'you live' (ਜੀਅ) and 'I sacrifice myself (ਸਦਕੇ) for you, or 'I sacrifice my heart'. It is a blessing combined with sympathy, uttered by the elders.

12. ਇਜਾਜ਼ਤ ਦਿਓ, give permission, meaning 'let me/us go', is said by younger people to their elders.

## 6.7 ਸਾਡਾ ਪਿੰਡ, Our Village

ਇਹ ਸਾਡਾ ਪਿੰਡ ਹੈ। ਪਿੰਡ ਨਿੱਕਾ ਜਿਹਾ ਹੈ। ਘਰ
This our village is. Village small-ish is. Houses
ਥੋੜੇ ਹੀ ਹਨ। ਕੋਠੇ ਕੱਚੇ ਹਨ। ਕੋਈ-ਕੋਈ
a few, of course, are. Houses thatched are. Some or other
ਕੋਠਾ ਪੱਕਾ ਵੀ ਹੈ। ਅਜ-ਕਲ੍ਹ ਆਮ ਤੌਰ ਤੇ
house bricked also is. Today-tomorrow-yesterday general-in

ਮਕਾਨ ਪੱਕੇ ਤੇ ਹਵਾਦਾਰ ਬਣਦੇ ਹਨ। ਉਨ੍ਹਾਂ ਵਿਚ ਰੋਸ਼ਨਦਾਨ,
houses bricked and airy built are. Them in ventilators,-
ਬਾਰੀਆਂ ਤੇ ਉੱਚੇ ਦਰਵਾਜ਼ੇ ਹੁੰਦੇ ਹਨ। ਗਲੀਆਂ ਵੀ ਖੁਲ੍ਹੀਆਂ
windows and high doors (there) are. Streets also wide
ਸਾਫ਼-ਸੁਥਰੀਆਂ ਹੁੰਦੀਆਂ ਹਨ। ਤੀਵੀਆਂ ਘਰਾਂ ਦਾ ਕੂੜਾ
and clean-tidy are. Women house-of rubbish
ਗਲੀਆਂ ਵਿਚ ਨਹੀਂ ਸੁਟਦੀਆਂ। ਬੱਚੇ ਗਲੀਆਂ ਵਿਚ ਗੰਦ ਨਹੀਂ
streets-in (do) not throw. Children streets-in dirt do not-
ਪਾਉਂਦੇ। ਪਾਣੀ ਨਿਕਲਣ ਲਈ ਪੱਕੀਆਂ ਨਾਲੀਆਂ ਬਣ ਗਈਆਂ ਹਨ।
put. Water to drain-for bricked drains built have been.
ਲੋਕੀਂ ਸਮਝਦੇ ਹਨ ਜਿ ਮੱਖੀਆਂ ਤੇ ਮੱਛਰ ਬੀਮਾਰੀਆਂ
People understand that flies and mosquitoes diseases
ਫੈਲਾਉਂਦੇ ਹਨ।
spread.

ਸਾਡੇ ਪਿੰਡ ਵਿਚ ਬੱਚਿਆਂ ਦੀ ਪੜ੍ਹਾਈ ਲਈ, ਇਕ ਸਕੂਲ
Our village-in children's education-for a school
ਹੈ। ਉਥੇ ਕੁੜੀਆਂ ਤੇ ਮੁੰਡੇ ਰਲ ਕੇ ਪੜ੍ਹਦੇ ਹਨ। ਇਥੇ
(there) is. There girls and boys together read. Here
ਇਕ ਹਸਪਤਾਲ ਵੀ ਹੈ। ਡਾਕਟਰ ਬੀਮਾਰਾਂ ਦਾ ਇਲਾਜ ਤਾਂ
a hospital also is. Doctor patients-of treatment of course
ਕਰਦਾ ਹੀ ਹੈ, ਉਹ ਪਿੰਡ ਦੀ ਸਫ਼ਾਈ ਦਾ ਖਿਆਲ ਵੀ ਰਖਦਾ ਹੈ।
does, he village-of cleanliness-of care also keeps.
ਸਾਡੇ ਪਿੰਡ ਦੇ ਲੋਕ ਬੜੇ ਮਿਹਨਤੀ ਹਨ।
Our village-of people very hard-working are.

## Notes

1. ਕੱਚਾ ਕੋਠਾ (para 1) is a house, rather a room, built of either sun-dried bricks or of lumps of mud, or uncut stones and plastered with clay-mud. It has no bricked or cemented floor. The roof is thatched with ordinary wood, branches of trees, reeds, etc. ਕੱਚਾ means 'raw', 'weak'. ਪੱਕਾ ਕੋਠਾ is built of baked bricks or chiselled stones, pointed or plastered with cement, with floor and roof, in contradistinction to a ਕੱਚਾ ਕੋਠਾ।

2. In the Panjab, we have co-education at primary stage and again at post-graduate stage. Ordinarily, it is not prevalent in Junior and Higher Secondary Schools. In degree colleges, girls study with boys where there are no separate institutions.

3. **More Vocabulary :**

| | |
|---|---|
| ਗਲੀ f., street | ਕੰਧ f., wall |
| ਮਹੱਲਾ, locality | ਫ਼ਰਸ਼, floor |
| ਕੋਠਾ, room | ਰਸੋਈ f., kitchen |
| ਕੋਠੀ f., house, bungalow | ਗੁਸਲਖ਼ਾਨਾ, bath-room |
| ਕੋਠੜੀ f., inner room | ਬਰਾਂਡਾ, verandah |
| ਖੇਤ, field | ਸਕੂਲ, school |
| ਨਾਲਾ, streamlet | ਪਾਠਸ਼ਾਲਾ f., (girls) school |
| ਨਹਿਰ f., canal | ਨਾਲੀ f., drain |
| ਨਦੀ f., river | ਵਿਹੜਾ, courtyard |
| ਦਰਿਆ, river | ਕਿੱਚੜ, mud |
| ਪਹਾੜ, mountain | ਪਾਹ f., manure |
| ਪਹਾੜੀ f., hill | ਖੁਰਲੀ f., manger |
| ਟਿੱਬਾ, mound | ਗੋਹਾ, cow-dung |
| ਤਲਾਉ, tank | ਲਿੱਦ f., horse-dung |
| ਟੋਭਾ, pool | ਤੂੜੀ f., straw. |

## 6.8 ਪਿੰਡ ਦੇ ਲੋਕ, Village People

1. ਕੌਣ ਨਹੀਂ ਜਾਣਦਾ ਕਿ ਪੇਂਡੂ ਬੜੇ ਤਕੜੇ, ਨਰੋਏ,
Who not knows that villagers very strong, healthy,
ਮਿਹਨਤੀ ਤੇ ਸਿੱਧੇ-ਸਾਦੇ ਹੁੰਦੇ ਹਨ। ਭਾਵੇਂ ਉਨ੍ਹਾਂ ਦੇ
industrious and straight simple are. Although their
ਸਾਦੇ ਤੇ ਮੋਟੇ ਜਿਹੇ ਕਪੜੇ ਬਹੁਤ ਸਾਫ਼ ਨਹੀਂ ਹੁੰਦੇ,
simple and coarse like clothes very clean not are,
ਉਨ੍ਹਾਂ ਦੇ ਕੋਠੇ ਕੱਚੇ ਤੇ ਗਲੀਆਂ ਰੋਜ਼ ਦੀਆਂ ਰੋਜ਼
their houses thatched and streets day by day
ਸਾਫ਼ ਨਹੀਂ ਕੀਤੀਆਂ ਜਾਂਦੀਆਂ, ਪਰ ਉਨ੍ਹਾਂ ਦੇ ਦਿਲ
clean not made are, but their hearts
ਸਾਫ਼, ਗੱਲਾਂ ਖਰੀਆਂ ਤੇ ਪਿਆਰ ਕੁਦਰਤੀ ਹੁੰਦਾ ਹੈ। ਉਹ
clean, talks pure and affection natural is. They

ਅੰਦਰੋਂ ਬਾਹਰੋਂ ਇੱਕੋ ਜਿਹੇ ਹੁੰਦੇ ਹਨ। ਜੇ ਕਿਸੇ ਦੇ
within-from without-from one-like (alike) are. If anybody's
ਦੋਸਤ ਹਨ ਤਾਂ ਪੱਕੇ, ਜੇ ਵੈਰੀ ਹਨ ਤਾਂ ਵੀ
friend (they) are then strong, if enemies are then even
ਪੱਕੇ। ਉਹ ਬਹੁਤੇ ਪੇਚਦਾਰ ਨਹੀਂ ਹੁੰਦੇ। ਉਹ ਇਹ
strong. They very complicated not are. They this
ਨਹੀਂ ਜਾਣਦੇ ਭਈ ਅੰਦਰੋਂ ਹੋਰ ਤੇ
not know that within-from different and
ਬਾਹਰੋਂ ਹੋਰ।
without-from different.

2. ਪੇਂਡੂਆਂ ਦੇ ਰਸਮ ਰਿਵਾਜ ਵੀ ਸਿੱਧੇ ਸਾਦੇ
Villagers' rites (and) customs also straight-simple
ਹੁੰਦੇ ਹਨ। ਉਨ੍ਹਾਂ ਵਿਚ ਦਿਖਾਵਾ ਨਹੀਂ ਹੁੰਦਾ। ਉਹ ਦੁੱਧ,
are. Them-in ostentation none (there) is. They milk,
ਦਹੀਂ ਤੇ ਲੱਸੀ ਯਾ ਇਕ ਅੱਧ ਭਾਜੀ ਨਾਲ ਰੋਟੀ
curd and whey or one half vegetable-with meal
ਖਾ ਲੈਂਦੇ ਹਨ। ਉਨ੍ਹਾਂ ਦੇ ਥਾਲਾਂ ਵਿਚ ਸ਼ਹਿਰੀਆਂ ਵਾਂਙੂ
eat up. Their plates -in city-people like
ਪੰਜ-ਪੰਜ ਦਸ-ਦਸ ਕੌਲੀਆਂ ਨਹੀਂ ਹੁੰਦੀਆਂ। ਉਹ ਗੰਨੇ
five-five ten-ten bowls not (there) are. They sugar-canes
ਚੂਪਦੇ, ਗਾਜਰਾਂ ਮੂਲੀਆਂ ਖਾਂਦੇ ਤੇ ਭੁੱਜੇ ਹੋਏ ਦਾਣੇ
suck, carrots radishes eat and parched grain
ਚਬਦੇ ਹਨ। ਅਤੇ ਸ਼ਹਿਰੀਆਂ ਦੀਆਂ ਮਠਿਆਈਆਂ ਤੇ ਪਿਸਤੇ
crunch. And city-people of sweets and pistachios
ਬਾਦਾਮਾਂ ਦਾ ਉਨ੍ਹਾਂ ਨੂੰ ਕਦੇ ਖਿਆਲ ਵੀ ਨਹੀਂ ਆਉਂਦਾ।
almonds-of them-to ever thought even not comes.

3. ਪਿੰਡਾਂ ਵਿਚ ਵਿਦਿਆ ਘੱਟ ਹੈ। ਉਥੇ ਵੱਡੇ ਵੱਡੇ
Villages-in education less is. There big-big
ਸਕੂਲ ਕਾਲਿਜ ਹਸਪਤਾਲ ਤੇ ਹੋਰ ਸੁਖ ਦੇ ਸਾਧਨ
schools, colleges, hospitals and other comforts of means
ਬਹੁਤ ਥੋੜੇ ਹੁੰਦੇ ਹਨ। ਫਿਰ ਵੀ ਪਿੰਡਾਂ ਵਾਲੇ ਆਪਣੇ ਆਮ
very few are. Then even villagers their ordinary
ਕੰਮ-ਕਾਰ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਤੇ ਕਿਸੇ ਦੇ
work, etc. very well understand and anybody's
ਮੁਥਾਜ ਨਹੀਂ ਹੁੰਦੇ।
dependent not are.

## Notes

1. ਰੋਜ਼ ਦੇ ਰੋਜ਼ (1), day by day, every day; ਸਾਲ ਦੇ ਸਾਲ, every year; ਮਹੀਨੇ ਦੇ ਮਹੀਨੇ, month by month; are adverbial phrases.
2. For ਇਕ ਅਧ (2) see 6.5 (note 14).
3. ਕੌਲੀਆਂ[f], small bowls, here denotes 'dishes'.
4. **Vocabulary :**

| | |
|---|---|
| ਬੜ੍ਹਈ, ਤਰਖਾਣ, carpenter | ਮਜੂਰ, ਮਜ਼ਦੂਰ, labourer |
| ਲੋਹਾਰ, blacksmith | ਨਾਈ, barber |
| ਘੁਮਿਆਰ, potter | ਬ੍ਰਾਹਮਣ, priest |
| ਚਮਾਰ, cobbler | ਸੁਨਿਆਰਾ, goldsmith |
| ਮੋਚੀ, cobbler | ਪੇਂਜਾ, carder |
| ਕਿਰਸਾਨ, farmer | ਪੇਂਡੂ, rustic |
| ਹਾਲੀ, tiller | ਪਟਵਾਰੀ, village accountant |
| ਚੂਹੜਾ, sweeper | ਮੁਨਸ਼ੀ, clerk or master |
| ਰਾਜ, mason | ਨੰਬਰਦਾਰ, headman. |

### 6.9 ਗੱਡੀ ਦਾ ਮੁਸਾਫ਼ਰ, A Train Passenger

1. ਮੁਸਾਫ਼ਰ - ਭਰਾ ਜੀ, ਮਿਹਰਬਾਨੀ ਕਰਕੇ ਜ਼ਰਾ ਦਸਣਾ
Passenger—Brother Sir, Pleased be, just tell,
(ਸ)ਟੇਸ਼ਨ ਕਿੰਨੀ ਦੂਰ ਹੈ ਤੇ ਉਥੇ ਕਿਵੇਂ ਜਾਣਾ ਹੋਵੇਗਾ।
station how much distant (it) is and there how going shall be.

2. ਸ਼ਹਿਰੀ- ਕਿਹੜੇ ਸਟੇਸ਼ਨ ਜਾਣਾ ਹੈ ਤੁਸਾਂ?-
City-man—Which station to go have you?—
ਛਾਵਣੀ ਜਾਂ ਸ਼ਹਿਰ?
Cantonement or City?

3. ਮੁਸਾਫ਼ਰ- ਇਹ ਤਾਂ ਮੈਂ ਜਾਣਦਾ ਨਹੀਂ ਹਾਂ। ਮੈਂ
—This of course I know not. I
ਪਰਦੇਸੀ ਹਾਂ। ਮੈਂ ਬਨਾਰਸ ਜਾਣਾ ਹੈ।
stranger am. I Benaras to go have.

4. ਸ਼ਹਿਰੀ- ਤਦ ਤੁਸੀਂ ਛਾਵਣੀ ਦੇ ਰੇਲਵੇ ਸਟੇਸ਼ਨ ਚਲੇ
—Then you Cantonement's railway station go
ਜਾਉ। ਸਟੇਸ਼ਨ ਇਥੋਂ ਤਿੰਨ ਕੁ ਮੀਲ
away. Station here from three-about miles

ਹੋਵੇਗਾ। ਤੁਸੀਂ ਕੋਈ ਸਕੂਟਰ ਰਿਕਸ਼ਾ ਜਾਂ ਟੈਕਸੀ
would be. You some Scooter rickshaw or taxi
ਲੈ ਲਓ। ਦੋ ਚਾਰ ਮਿੰਟਾਂ ਨੂੰ ਬਸ ਵੀ
take up. Two four minutes-in bus also
ਆਉਣਾ ਚਾਹੁੰਦੀ ਹੈ, ਪਰ ਉਹਦਾ ਕੋਈ
to come expected is, but its any
ਇਤਬਾਰ ਨਹੀਂ।
trust not is.

5. ਮੁਸਾਫ਼ਰ-ਧੰਨਵਾਦ! ਟੈਕਸੀ ਠੀਕ ਰਹੇਗੀ ਕਿਉਂਕਿ ਮੇਰੇ
Thanks ! Taxi allright would be because me-
ਕੋਲ ਸਮਿਆਨ ਵੀ ਹੈ। ਓ ਟੈਕਸੀ ! ਖਾਲੀ ਉ?
with luggage also (there) is. O Taxi. Free yours is?
ਖੜੋ ਜਾ ਭਾਈ। ਪਹਿਲਾਂ ਡਿੱਗੀ ਖੋਲ। ਸਮਿਆਨ
Wait, brother. First dicky open. Luggage
ਪਿੱਛੇ ਰਖ ਲੈ। ਬਸ। ਡਿੱਗੀ ਬੰਦ ਕਰ ਦੇ। ਹਾਂ ਚਲ।
behind keep. That's all. Dicky shut up. Yes, go on.

6. ਮੁਸਾਫ਼ਰ-(ਰਸਤੇ ਵਿਚ) ਮੇਰੇ ਵੀਰ, ਜ਼ਰਾ ਇਕ ਕੰਮ
—(On the way) My brother, just a business
ਯਾਦ ਆ ਗਿਆ ਹੈ। ਰਸਤੇ 'ਚ ਇਥੇ ਕਿਧਰੇ
to memory come has. Way-in here somewhere
ਕੋਈ ਡਾਕਘਰ ਹੋਵੇ ਤਾਂ ਜ਼ਰਾ ਗੱਡੀ ਰੋਕ ਲੈਣਾ।
any post-office be, then just vehicle stop.

7. ਟੈਕਸੀਵਾਲਾ-ਚੰਗਾ ਬਾਬੂ ਜੀ। ਪਰ ਰੋਕਣ ਦਾ ਭਾੜਾ ਵਖਰਾ
Taximan — Allright, Sir. But detaining-of rent separate
ਲਗ ਜਾਵੇਗਾ।
levied will be.

8. ਮੁਸਾਫ਼ਰ-ਮੈਂ ਪੰਜਾਂ ਮਿੰਟਾਂ ਵਿਚ ਆਇਆ ਕਿ ਆਇਆ।
I five minutes in coming as if coming.

9. ਮੁਸਾਫ਼ਰ (ਵਾਪਸ ਆਕੇ)-ਚਲ ਭਾਈ। ਜ਼ਰਾ ਛੇਤੀ ਛੇਤੀ
(returning)—Go on brother. A little hurriedly
ਲੈ ਚਲ।
taking (me) go.

10. ਟੈਕਸੀਵਾਲਾ-ਮੈਨੂੰ ਕੀ ਦੇਰ ਲਗਣੀ ਹੈ? ਪਰ ਤੁਸੀਂ
Me-to what delay to be has! But you

ਤਾਂ ਪੰਦਰਾਂ ਮਿੰਟ ਲਾ ਕੇ ਆਏ ਹੋ।
of course fifteen minutes spending come here.

11. ਮੁਸਾਫ਼ਰ-ਕੋਈ ਗੱਲ ਨਹੀਂ। ਤੈਨੂੰ ਕੁਝ ਹੋਰ ਪੈਸੇ
Any matter not is. You some more money
ਦੇ ਦੇਵਾਂਗਾ। ਹੋਰ ਕੀ?
(I) shall give. Else what?

12. ਮੁਸਾਫ਼ਰ (ਪਹੁੰਚ ਕੇ)- ਕੁਲੀ, ਕੁਲੀ। ਇਧਰ ਆਵੀਂ ਭਾਈ।
(Reaching)—Porter, porter. Hither come, brother.
ਇਹ ਸਮਾਨ ਉਤਾਰ।
This luggage take-down.

13. ਕੁਲੀ-ਬਹੁਤ ਅੱਛਾ, ਸ਼ਾਹ ਜੀ। ਕਿਹੜੀ ਗੱਡੀ ਤੇ ਜਾਣਾ
Very well, Banker sir. Which train-on to go
ਜੇ?
you have?

14. ਮੁਸਾਫ਼ਰ-ਕਲਕੱਤਾ ਮੇਲ ਤੇ।
Calcutta Mail-by.

15. ਕੁਲੀ-ਮਹਾਰਾਜ ਜੀ, ਕਲਕੱਤਾ ਮੇਲ ਤਾਂ ਗਈ।
Sir, Calcutta Mail of course has—gone.
ਤੁਸੀਂ ਪੰਜ ਕੁ ਮਿੰਟ ਪਹਿਲਾਂ ਆ ਜਾਂਦੇ ਤਾਂ
(If) you five about minutes earlier come had, then
ਚੜ੍ਹ ਜਾਂਦੇ। ਹੁਣ ਤਾਂ ਅਗਲੀ ਗੱਡੀ
ascended would have. Now of course next train-
ਤੇ ਜਾਣਾ ਪਵੇਗਾ।
by to go (you) have.

16. ਮੁਸਾਫ਼ਰ-ਅਗਲੀ ਗੱਡੀ ਕਿੰਨੇ ਵਜੇ ਮਿਲੇਗੀ?
Next train how many hours will be available?
ਇਹ ਤਾਂ ਸਿਆਪਾ ਪੈ ਗਿਆ।
This of course misery befallen has.

17. ਕੁਲੀ-ਤੁਸੀਂ ਜਾਣਾ ਕਿਥੇ ਹੈ ਜੀ? ਲਖਨਊ ਕਿ
You to go where have, Sir? Lucknow or
ਕਲਕੱਤਾ?
Calcutta?

18. ਮੁਸਾਫ਼ਰ-ਜਾਣਾ ਤਾਂ ਹੈ ਬਨਾਰਸ।
To go of course (I) have to Benaras.

19. ਕੁਲੀ-ਇੰਜ ਕਰੋ ਭਾਈ ਇਥੋਂ ਚਲੇ ਜਾਓ ਦਿੱਲੀ।
—Like this do that herefrom go (to) Delhi.
ਦਿੱਲੀ ਦੀ ਗੱਡੀ ਤੁਹਾਨੂੰ ਦੋ ਘੰਟਿਆਂ ਨੂੰ ਮਿਲ
Delhi's train you-to two hours-in available
ਜਾਵੇਗੀ। ਫਿਰ ਉਥੋਂ ਕਈ ਗੱਡੀਆਂ ਮਿਲਦੀਆਂ
will be. Then therefrom several trains available
ਹਨ। ਸੁਣਿਆ ਹੈ, ਅਪਰ ਇੰਡੀਆ ਸਭ ਤੋਂ ਚੰਗੀ ਹੈ।
are. Heard (it) is, Upper India all of best is.
ਸਿੱਧੀ ਬਨਾਰਸ ਲੈ ਜਾਂਦੀ ਹੈ।
Straight to Benaras takes (you).

20. ਮੁਸਾਫ਼ਰ-ਬੜੀ ਮੁਸੀਬਤ ਬਣੀ। ਇਸ ਕਲਕੱਤਾ
Great calamity has become. This Calcutta
ਮੇਲ ਦਾ ਤਾਂ ਇਹ ਸੁਖ ਸੀ ਜਿ ਕਿਧਰੇ
Mail's of course this facility was that anywhere
ਬਦਲਣਾ ਨਾ ਪੈਂਦਾ।
to change not had.

21. ਕੁਲੀ-ਲਾਲਾ ਜੀ, ਹੁਣ ਤਾਂ ਕੋਈ ਚਾਰਾ
Respected Sir, Now of course any course
ਨਹੀਂ। ਨਹੀਂ ਤਾਂ, ਚੌਬੀ ਘੰਟੇ ਰੁਕਣਾ
(there) is not. Otherwise, twenty four hours to stay
ਪਵੇਗਾ।
(wait) will have.

22. ਮੁਸਾਫ਼ਰ-ਤੂੰ ਠੀਕ ਕਹਿੰਦਾ ਐਂ। ਤੂੰ ਜ਼ਰਾ ਸਾਮਾਨ ਦੇ ਕੋਲ
You right say. You just luggage-of near
ਬੈਠ। ਮੈਂ ... ਅੱਛਾ, ਇੰਜ ਕਰ। ਸਾਮਾਨ-ਘਰ
sit. I ... allright, like this do. Cloak-room
ਲੈ ਚਲ। ਤੈਨੂੰ ਕਿੰਨਾ ਕੁ ਚਿਰ ਰੋਕੀ
to take it. You how-much time detained
ਰਖਾਂਗਾ।
I shall keep.

23. ਕੁਲੀ-ਸਤ ਬਚਨ, ਮਹਾਰਾਜ। ਸੂਟਕੇਸ ਤੇ ਬਿਸਤਰਾ-ਇਹ
All right, Sir. Suit-case and bedding—these
ਦੋ ਨਗ—ਸਾਮਾਨ-ਘਰ ਵਿਚ ਰਖਾ ਲਓ ਤੇ ਛੋਟਾ-
two pieces—cloak-room-in kept get and smaller-

ਮੋਟਾ ਸਾਮਾਨ ਹੱਥ ਵਿਚ ਲੈ ਲਓ।
bigger effects hand-in take up.

24. ਮੁਸਾਫ਼ਰ-ਚੰਗੀ ਗੱਲ ਹੈ।
Good thing (it) is.

25. ਬਾਬੂ- ਹਾਂ ਜੀ, ਬੋਲੋ। ਤੁਹਾਡਾ ਕੀ-ਕੀ ਸਾਮਾਨ ਹੈ?
Clerk—Yes sir, say. Your what luggage (there) is?

26. ਮੁਸਾਫ਼ਰ-ਮੇਰੇ ਦੋ ਨਗ ਹਨ—ਸੂਟ ਕੇਸ ਤੇ ਬਿਸਤਰਾ।
My two pieces are—suit case and bedding.

27. ਬਾਬੂ-ਤਾਲੇ-ਸ਼ਾਲੇ ਲਾ ਲਏ ਨਾ?
Locks-etc. put (you) have, is it?

28. ਮੁਸਾਫ਼ਰ-ਸੂਟ ਕੇਸ ਤਾਂ ਇਕ ਛੋੜ ਕੇ ਦੋ ਤਾਲੇ
Suit case-to of course one leaving two locks
ਵੱਜੇ ਹਨ, ਹੋਲਡਾਲ ਦਾ ਤਾਲਾ ਨਹੀਂ।
struck are, holdall's lock not (there) is.

29. ਬਾਬੂ- ਇਹਦੀ ਕੋਈ ਲੋੜ ਨਹੀਂ। ਤੁਹਾਡਾ ਨਾਂ?
Its any need (there is) not. Your name?

30. ਮੁਸਾਫ਼ਰ-ਬ੍ਰਿਜ ਲਾਲ।
Brij Lal.

31. ਬਾਬੂ-ਇਥੋਂ ਦਾ ਪਤਾ?
This place-of address.

32. ਮੁਸਾਫ਼ਰ-ਜੀ, ਮੈਂ ਇਥੋਂ ਦਾ ਰਹਿਣ ਵਾਲਾ ਨਹੀਂ ਹਾਂ।
Sir, I this place of resident not am.

33. ਬਾਬੂ-ਅੱਛਾ, ਤੁਹਾਡਾ ਘਰ ਦਾ ਪਤਾ?
Well, Your home's address.

34. ਮੁਸਾਫ਼ਰ-ਪਿੰਡ ਖਜੂਰਾਂਵਾਲਾ ਥਾਣਾ ਤੇ ਤਹਿਸੀਲ
Village Khajuranwala, Police station and Tehsil
ਮੁਕੇਰੀਆਂ, ਜ਼ਿਲਾ ਹੁਸ਼ਿਆਰਪੁਰ।
Mukerian, District Hoshiarpur.

35. ਮੁਸਾਫ਼ਰ-(ਟਿਕਟ-ਘਰ ਜਾ ਕੇ) ਬਾਬੂ ਜੀ! ਮੈਨੂੰ
(Booking office-to going) Clerk Sir ! To me
ਵਾਰਾਣਸੀ ਦਾ ਦੂਜੇ ਦਰਜੇ ਦਾ ਇਕ ਟਿਕਟ ਚਾਹੀਦਾ ਹੈ।
Varanasi's 2nd class-of one ticket wanted is.
ਕਿੰਨਾ ਕਿਰਾਇਆ ਲਗੇਗਾ?
How much fare be charged will?

36. ਬਾਬੂ-ਬਿਆਲੀ ਰੁਪਏ ਪੰਝੱਤਰ ਪੈਸੇ?
Forty two rupees seventy five paise.

37. ਮੁਸਾਫ਼ਰ-ਲਓ ਜੀ। ਪੰਜਤਾਲੀ ਰੁਪਏ।
Take please. Forty five rupees (in-notes).
ਬਾਕੀ ਦੋ ਰੁਪਏ ਪਚੀ ਪੈਸੇ ਮੋੜ
Remaining two rupees twenty five paise in return
ਦਿਓ। ... ਬਾਬੂ ਜੀ, ਇਸ ਗੱਡੀ ਦਾ ਕੀ ਨਾਂ
give. ... Clerk sir, This train's what name
ਨੰਬਰ ਹੈ?
number is?

38. ਬਾਬੂ-ਤੁਸੀਂ ਅਮ੍ਰਿਤਸਰ ਮੇਲ ਤੇ ਜਾਣਾ ਹੈ?
You Amritsar Mail-by to go have?

39. ਮੁਸਾਫ਼ਰ-ਜੀ, ਇਹ ਦਿੱਲੀ ਕਿੰਨੇ ਵਜੇ ਪੁਜਦੀ ਹੈ?
Sir, It Delhi how many hours arrives?

40. ਬਾਬੂ-ਨਾਲ ਵਾਲੀ ਪੁਛ-ਗੁਛ ਦੀ ਖਿੜਕੀ ਤੋਂ ਪਤਾ ਕਰੋ।
Adjoining enquiry-of window-from enquire.

41. ਕੁਲੀ-ਲਾਲਾ ਜੀ, ਮੈਨੂੰ ਤਾਂ ਛੁੱਟੀ ਦੇ ਦਿਓ।
Porter—Respected sir, me of course leave give.

42. ਮੁਸਾਫ਼ਰ-ਓਏ! ਤੈਨੂੰ ਕੁਝ ਦਿੱਤਾ ਹੀ ਨਹੀਂ।
O, to you anything given indeed (have) not!
ਅੱਛਾ ਅੱਛਾ। ਕਿੰਨੇ ਪੈਸੇ?
All right. How many paise?

43. ਕੁਲੀ-ਮਹਾਰਾਜ, ਤੁਸੀਂ ਆਪ ਸਮਝ ਲਓ। ਕੰਮ
Sir, You yourself understand do. Work (you)
ਵੇਖ ਲਓ।
may see.

44. ਮੁਸਾਫ਼ਰ-ਲੈ ਭਾਈ ਲੈ!
Take brother take!

45. ਕੁਲੀ-ਨਾ, ਲਾਲਾ ਜੀ! ਚਵਾਨੀ ਹੋਰ ਦਿਓ।
No, sir, one-fourth rupee more give.

46. ਮੁਸਾਫ਼ਰ-ਲੈ ਬਾਬਾ। ਦਸ ਪੈਸੇ ਹੋਰ ਲੈ ਲੈ। ਅੱਛਾ, ਸੁਣ।
Take man. Ten paise more take. Well, listen.
ਇਕ ਘੰਟੇ ਤਕ ਆ ਜਾਵੀਂ। ਤੂੰ ਹੀ ਗੱਡੀ ਤੇ
An hour within come back. You alone train-on

ਚੜ੍ਹਾ ਦੇਵੀਂ।
mount get (me).

47. ਕੁਲੀ-ਬਹੁਤ ਅੱਛਾ, ਜੀ। ਜੈ ਹਿੰਦ।
Very well, sir. Jai Hind.

48. ਮੁਸਾਫ਼ਰ-ਜੈ ਹਿੰਦ।
Jai Hind.

## Notes

1. Railway station (1) is generally ਸਟੇਸ਼ਨ (ਟੇਸ਼ਨ by village or illiterate people). Bus station is ਅੱਡਾ।

2. The proper form should be ਓ ਟੈਕਸੀ ਵਾਲਿਆ ! But in hurry, they say 'ਓ ਟੈਕਸੀ' (5) 'ਓ ਰਿਕਸ਼ਾ', 'ਓ ਟਾਂਗਾ', etc.

3. ਊ (5) is a dialectic variation of the pronominal suffix -ਈ — see 6.3 (note 5).

4. ਰਸਤੇ 'ਚ (6) is a syncopated form of ਰਸਤੇ ਵਿਚ. After a consonant 'ਚ, is heard as 'ਚੇ, as in ਘਰ 'ਚੇ, in the house, ਕਿਤਾਬ 'ਚੇ, in the book; but ਬਕਸਾਂ 'ਚ in the boxes, ਕੋਠੜੀ 'ਚ, in the inner room.

5. The construction ਆਇਆ ਕਿ ਆਇਆ (8), lit. come as if come, meaning instant action, may be noted. The form is past tense, but denotes an action in the near future. We can thus say ਗਿਆ ਕਿ ਗਿਆ, ਸੁੱਤਾ ਕਿ ਸੁੱਤਾ, ਕੀਤਾ ਕਿ ਕੀਤਾ etc.

6. ਆਵੀਂ (12) has imperative form with personal pronoun meaning 'thou'.

7. ਸਮਿਆਨ (5) and ਸਾਮਾਨ (12) are respectively colloquial and literary forms.

8. ਮਹਾਰਾਜ (pron. māhrāj) ਜੀ (15) lit. lord sir, is an address of reverence.

9. ਮਿਲਣਾ, be obtained, is used to mean 'be available' in ਗੱਡੀ ਮਿਲੇਗੀ (16). Other examples are, ਇਥੇ ਕਿਤਾਬਾਂ ਮਿਲਦੀਆਂ ਹਨ, books are available here, ਓਥੇ ਹੁਣ ਕੋਈ ਆਦਮੀ ਨਹੀਂ ਮਿਲੇਗਾ, no one will be available there at present.

10. ਸਿਆਪਾ (16) is a form of collective mourning when ladies meet and lament and beat their chests. Figuratively, it means ਝੰਜਟ,

perplexity, or ਮੁਸੀਬਤ f. misery.

11. ਲਾਲਾ ਜੀ (17) is a form of address for Hindu elderly men.

12. ਸਤ ਬਚਨ (23), lit. true (be your) word, means O.K., I shall do as you say. ਚੰਗੀ ਗੱਲ ਹੈ (24) this word is good, is, in fact, a translation of ਸਤ ਬਚਨ, and is used similarly to mean 'all right'.

13. ਬਾਬੂ (25) is a clerk or conductor in railway, a clerk in post-office, and now in any office. It has come to mean 'a man of education or status'. Hence it is a title of respect, meaning 'master, sir'. Hindus may use it even to denote 'father' or 'grandfather'.

14. In ਤਾਲੇ ਬਾਲੇ (27), ਬਾਲੇ is an echo-word. It adds the meaning of 'etcetra' cf. ਪੁਛ ਗੁਛ/ਗਿਛ (40) also.

15. Note the passive construction ਮੈਨੂੰ ਚਾਹੀਦਾ ਹੈ (27), where the subject governing 'ਚਾਹੀਦਾ' is always in objective case and the object is in nominative. Thus, ਉਸ ਨੂੰ ਰੋਟੀ ਚਾਹੀਦੀ ਹੈ, lit. to him bread is wanted, he wants bread.

16. ਚਵਾਨੀ (45) four-anna coin is now officially called 25 paise. Previously, a rupee had 16 annas as smaller units, and we had eight-anna coin (ਅਠੱਨੀ), four-anna coin (ਚਵੱਨੀ or ਚਵਾਨੀ), ਦੁਵੱਨੀ (two-anna coin) and ਆਨਾ (one-anna coin). An anna meant four paise. Now a rupee has 100 paise.

17. ਬਾਬਾ (46) has a number of meanings—'father, grand-father, old man', 'a monk', 'Sir', 'child', etc.

18. ਜੈ ਹਿੰਦ (47), victory be to India, is now a form of salutation in offices and outside when religious or sectarian form has to be avoided.

## 6.10 ਸਟੇਸ਼ਨ ਯਾ ਅੱਡੇ ਦੇ ਸਵਾਲ, Questions about (Rly.) Station or (Bus) Stand

1. ਟਿਕਟਾਂ ਕਿਥੇ ਮਿਲਦੀਆਂ ਹਨ?
   Tickets where obtained are?
2. ਟਿਕਟ-ਘਰ ਕਿੰਨੇ ਵਜੇ ਖੁਲ੍ਹਦਾ ਹੈ?
   Booking office what time opens?
3. ਕੋਈ ਟਿਕਟਾਂ ਦੇਣ ਵਾਲਾ ਨਹੀਂ ਹੈ, ਬਾਬੂ ਕਿਧਰ
   Anybody tickets giver not (there) is, Clerk where

ਗਿਆ?

gone is?

4. ਆਗਰੇ ਜਾਣ ਲਈ ਕਿਹੜੀ ਗੱਡੀ ਚੰਗੀ ਹੋਵੇਗੀ?

Agra-to to go in order which train good will be?

5. ਕੀ ਰਸਤੇ ਵਿਚ ਕਿਧਰੇ ਬਦਲਣਾ ਪਵੇਗਾ?

Is it that way-in anywhere to change (I) have ?

6. ਗੱਡੀ ਸਿੱਧੀ ਜਾਂਦੀ ਹੈ?

Train direct goes ?

7. ਜੈਪੁਰ ਮੇਲ ਕਿੰਨੀ ਕੁ ਲੇਟ ਹੈ?

Jaipur Mail how-much-about late is?

8. ਇਕ ਟਿਕਟ ਤੇ ਕਿੰਨਾ ਸਾਮਾਨ ਜਾ ਸਕਦਾ ਹੈ?

One ticket-on how much luggage go can?

9. ਵਧ ਸਾਮਾਨ ਤੇ ਕੀ ਭਾੜਾ ਲਗਦਾ ਹੈ?

Extra luggage-on what freight charged is?

10. ਇਹ ਗੱਡੀ ਕਿਹੜੇ ਪਲੇਟ-ਫ਼ਾਰਮ ਤੋਂ ਚਲਦੀ ਹੈ?

This train which plat-form from starts?

11. ਕੁਲੀ ਨੂੰ ਕੀ ਦੇਣਾ ਹੈ?

Porter -to what to give have?

12. ਗੱਡੀ ਇਥੇ ਕਿੰਨਾ ਚਿਰ ਖੜੋਂਦੀ ਹੈ?

Train here how much time stops?

13. ਇਸ ਸਟੇਸ਼ਨ ਦਾ ਨਾਂ ਕੀ ਹੈ?

This station's name what is?

14. ਅਸੀਂ ਕਿੰਨੇ ਵਜੇ ਤਕ ਅੰਬਾਲੇ ਪੁਜ ਜਾਵਾਂਗੇ?

We what time-by Ambala reach will?

15. ਕਿਉਂ ਜੀ, ਮੈਂ ਜ਼ਰਾ ਲੇਟ ਜਾਵਾਂ?

Please, I just lie down may?

16. ਬਸ ਸਟਾਪ ਕਿੰਨੀ ਕੁ ਦੂਰ ਹੈ?

Bus stop how much-about distant is?

17. ਇਕ ਸਵਾਰੀ ਦਾ ਕਿੰਨਾ ਟਿਕਟ ਲਗਦਾ ਹੈ?

One passenger's how much ticket charged is?

18. ਵਕਤ ਤਾਂ ਹੋ ਗਿਆ ਹੈ, ਬਸ ਚਲਦੀ ਕਿਉਂ ਨਹੀਂ?

Time of course has been is, bus moves why not?

19. ਰੇਲ ਦਾ ਫਾਟਕ ਬੰਦ ਹੈ, ਕਿਵੇਂ ਜਾਈਏ?

Railway's gate closed is, how we may go?

20. ਜ਼ਰਾ ਦਸਣਾ, ਡਾਕ ਬੰਗਲੇ ਨੂੰ ਸੱਜੇ ਪਾਸੇ ਜਾਣਾ ਹੈ ਯਾ
Just tell, rest house-to right side to go have or
ਖੱਬੇ ਪਾਸੇ?
left hand?

21. ਪਟ੍ਰੋਲ ਪੰਪ ਕਿਧਰ ਹੈ-ਅੱਗੇ ਕਿ ਪਿੱਛੇ?
Petrol pump which side is—ahead or behind?

22. ਅਸੀਂ ਆਪਣੀ ਮੋਟਰ (ਕਾਰ) ਖੜ੍ਹੀ ਕਰ ਸਕਦੇ ਹਾਂ?
We our motor (car) stop can?

23. ਕੋਈ ਪੁਲਿਸ ਵਾਲਾ ਇਤਰਾਜ਼ ਤਾਂ ਨਹੀਂ ਕਰੇਗਾ?
Any policeman objection of course not will do?

24. ਕੋਈ ਮੋਟਰ ਨਾਲ ਛੇੜ ਛਾੜ ਤਾਂ ਨਹੀਂ ਕਰੇਗਾ?
Anybody motor-with disturbing of course not will do?

25. ਅਗਲੀ ਬਸ ਕਦ ਤਕ ਮਿਲ ਜਾਵੇਗੀ?
Next bus when-by available will be?

26. ਕਿੰਨੀ ਦੇਰ ਇੰਤਜ਼ਾਰ ਕਰਨੀ ਪਵੇਗੀ?
How much time waiting to do shall have?

27. ਕਿੰਨਾ ਕੁ ਉਡੀਕਣਾ ਪਵੇਗਾ?
How much-about to wait wil have?

## Notes

1. ਭਾੜਾ (9) means freight, rent, fare. Synonym ਕਿਰਾਇਆ।

2. ਡਾਕ ਬੰਗਲਾ (20), lit. post-house, is now an officers' rest house.

3. **More Vocabulary—**

ਮੁਸਾਫ਼ਰਖਾਨਾ, lit. traveller's room, waiting room
ਰੇੜ੍ਹਾ, hand-cart
ਖੋਂਚਾ, ਛਾਬੜੀ[f], basket with eatables, etc.
ਰੇਲ, railway, ਪਟੜੀ[f], railway-line
ਡੱਬਾ, compartment
ਇੰਜਨ, engine
ਸਿਗਨਲ, signal
ਛਕੜਾ, cart, truck
ਮਾਲ ਗੱਡੀ[f], goods train
ਸਵਾਰੀ ਗੱਡੀ[f], passenger train
ਪੁਲ, bridge
ਪੌੜੀ[f], stairs
ਜਨਾਨਾ ਡੱਬਾ, Ladies compartment
ਟੱਟੀ, latrine.

4. Most of the English vocabulary in this field is commonly understood, as : train, bogie, booking-clerk, station-master, cloak-room, gate, godown (ਗੋਦਾਮ), express, mail train, restaurant, T.T.E. (traveller's ticket examiner), guard, fireman, driver, seat, berth, sleeper, reservation, ticket, coupon (ਕੂਪਨ), receipt (ਰਸੀਦ), form, first class, second class, third class, de luxe, airconditioned, etc., etc.

## 6.11 ਕਹਾਣੀ, Story

1. ਇਕ ਪਿੰਡ ਵਿਚ ਦੋ ਭਰਾ ਵਸਦੇ ਸਨ। ਇਕ ਦਾ
A village in two brothers lived. One's
ਨਾਂ ਸ਼ਾਮ ਸਿੰਘ ਸੀ। ਦੂਜੇ ਦਾ ਨਾਂ ਰਾਮ ਸਿੰਘ।
name Sham Singh was. Other's name Ram Singh.
ਸ਼ਾਮ ਸਿੰਘ ਬੜਾ ਉੱਦਮੀ ਸੀ ਤੇ ਰਾਮ ਸਿੰਘ ਬੜਾ ਆਲਸੀ।
Sham Singh very hardworker was and Ram Singh very lazy.
ਸ਼ਾਮ ਸਿੰਘ ਆਪਣਾ ਕੰਮ ਆਪ ਕਰ ਲੈਂਦਾ ਸੀ।
Sham Singh (his) own work himself do would.
ਰਾਮ ਸਿੰਘ ਉਡੀਕਦਾ ਰਹਿੰਦਾ ਸੀ ਕਿ ਕੋਈ ਆਵੇ ਤੇ
Ram Singh wait would that somebody come and
ਉਸ ਦਾ ਕੰਮ ਕਰੇ।
his work do.

2. ਅਪਰੈਲ ਦਾ ਮਹੀਨਾ ਸੀ। ਬਾਹਰ ਖੇਤਾਂ ਵਿਚ
April's month (it) was. Outside fields-in
ਫ਼ਸਲਾਂ ਪੱਕੀਆਂ ਖੜੀਆਂ ਸਨ। ਕਿਸਾਨ ਖ਼ੁਸ਼ ਸਨ ਕਿ ਉਨ੍ਹਾਂ ਦੀ
crops ripe stood had. Peasants happy were that their
ਸਾਲ ਭਰ ਦੀ ਮਿਹਨਤ ਪੂਰੀ ਹੋ ਗਈ ਹੈ। ਉਹ ਵਿਸਾਖੀ ਦੀ
year whole-of hardwork ended been had. They Baisakhi's
ਉਡੀਕ ਵਿਚ ਸਨ। ਵਿਸਾਖੀ ਆਈ, ਉਨ੍ਹਾਂ ਸਾਰਿਆਂ ਰਲ ਕੇ
waiting-in were. Baisakhi came, they all together
ਖ਼ੁਸ਼ੀ ਮਨਾਈ।
rejoicing celebrated.

3. ਅਗਲੇ ਦਿਨ ਹਾੜ੍ਹੀ ਦੀ ਵਾਢੀ ਪੈਣੀ ਸੀ। ਸ਼ਾਮ ਸਿੰਘ
Next day Asādh's reaping to fall had. Sham Singh
ਤੇ ਉਸ ਦੇ ਪੁੱਤਰ ਵਾਢੀ ਲਈ ਤਿਆਰ ਸਨ। ਉਨ੍ਹਾਂ ਆਪਣੀਆਂ
and his sons reaping-for ready were. They theirs

ਦਾਤਰੀਆਂ ਦੇ ਦੰਦੇ ਕਢਵਾ ਰੱਖੇ ਸਨ। ਰਾਮ ਸਿੰਘ ਤੇ ਉਸ ਦਾ ਪੁੱਤਰ
sickles of teeth taken out had. Ram Singh and his son
ਹਾਲੀ ਸੋਚੀਂ ਪਏ ਹੋਏ ਸਨ। ਉਹ ਉਡੀਕਦੇ ਸਨ ਕਿ
as yet in thinking fallen had. They waited that
ਉਨ੍ਹਾਂ ਦਾ ਕਾਮਾ ਸ਼ੇਰੂ ਆ ਕੇ ਦਾਤਰੀਆਂ ਦੇ ਦੰਦੇ ਕਢਵਾਏ।
their worker Sheru coming sickles of teeth get taken out.
ਸ਼ੇਰੂ ਬੀਮਾਰ ਹੋ ਗਿਆ। ਉਹ ਨਾ ਆਇਆ।
Sheru ill had gone (fallen). He not came.

4. ਸ਼ਾਮ ਸਿੰਘ ਤੇ ਉਸਦੇ ਪੁੱਤਰ ਹਰ ਰੋਜ਼ ਸਵੇਰੇ
Sham Singh and his sons every day early
ਉਠਦੇ ਤੇ ਵਾਢੀ ਕਰਨ ਲਈ ਨਿਕਲ ਜਾਂਦੇ।
would get up and reaping to do-for out would go.
ਉਹ ਸਾਰਾ ਦਿਨ ਰਾਤ ਹੀ ਵਾਢੀ ਵਿਚ ਜੁਟੇ ਰਹਿੰਦੇ।
They whole day night just reaping-in engaged would remain.
ਉਨ੍ਹਾਂ ਵਾਢੀ ਛੇਤੀ ਹੀ ਕਰ ਲਈ ਤੇ ਵੱਢੀ ਹੋਈ ਫ਼ਸਲ ਦੀਆਂ
They reaping soon just did up, and reaped crop-of
ਭਰੀਆਂ ਬੰਨ੍ਹ ਕੇ ਖਲਵਾੜੇ ਲਗਾ ਲਏ। ਫੇਰ ਉਹ ਗਹਾਈ
sheaves having tied heaps they made. Then they threshing-
ਦੀ ਤਿਆਰੀ ਕਰਨ ਲੱਗੇ।
of preparation doing started.

5. ਓਧਰ ਰਾਮ ਸਿੰਘ ਦਾ ਸ਼ੇਰੂ ਨਾ ਆਇਆ ਪਰ ਨਾ
Otherside Ram Singh's Sheru not came but not
ਆਇਆ। ਉਸਦੀ ਬੀਮਾਰੀ ਲਮਕ ਗਈ। ਦਿਨ ਲੰਘਦੇ ਗਏ।
came. His illness dragged. Days passed off.
ਅਪਰੈਲ ਲੰਘ ਗਿਆ। ਮਈ ਦਾ ਮਹੀਨਾ ਆਣ ਪਹੁੰਚਿਆ।
April passed off. May's month came arrived (up).
ਰਾਮ ਸਿੰਘ ਤੇ ਉਸਦਾ ਪੁੱਤਰ ਹਾਲੀ ਵੀ ਸ਼ੇਰੂ ਦੀ ਉਡੀਕ ਵਿਚ
Ram Singh and his son now even Sheru's waiting -in
ਬੈਠੇ ਸਨ। ਆਖਰ ਸ਼ੇਰੂ ਆਇਆ।
sitting were. At last Sheru came.

6. ਰਾਮ ਸਿੰਘ ਤੇ ਉਸਦੇ ਪੁੱਤਰ ਨੇ ਵਾਢੀ ਪਾਈ। ਫਸਲ ਹਾਲੀ
Ram Singh and his son reaping put. Crop as yet
ਅੱਧੀ ਪਚੱਧੀ ਹੀ ਵਢੀ ਗਈ ਸੀ ਤੇ ਐਵੇਂ ਥੋੜੇ
half or so just reaped had been and by the way a few

ਜਿਹੇ ਦਾਣੇ ਹੀ ਕੱਢੇ ਗਏ ਸਨ ਕਿ ਉੱਤੋਂ
just grains extracted had been that from above
ਮੀਂਹ ਪੈ ਗਿਆ। ਬੜੇ ਜ਼ੋਰ ਦੇ ਮੀਂਹ ਵੱਸੇ। ਰਾਮ ਸਿੰਘ ਦੇ
rain fell. Great force of rains poured. Ram Singh's
ਦਾਣੇ ਬਾਹਰ ਖੇਤ ਵਿਚ ਹੀ ਭਿੱਜ ਗਏ। ਉਸ ਦੀ ਤੂੜੀ
grains outside field-in just wet got. His straw
ਪਾਣੀ ਵਿਚ ਰੁੜ੍ਹ ਗਈ। ਉਸ ਦੀ ਅੱਧੀ ਫ਼ਸਲ ਵੀ ਘਰ
water-in washed away. His half crop even home
ਨਾ ਆਈ। ਬੜਾ ਨੁਕਸਾਨ ਹੋਇਆ।
not came. Great loss became.

7. ਸ਼ਾਮ ਸਿੰਘ ਦਾ ਸਾਰਾ ਕੰਮ ਠੀਕ ਵੇਲੇ ਸਿਰ ਮੁੱਕ ਗਿਆ।
Sham Singh's whole work just time at finished.
ਉਸ ਦਾ ਕੱਖ ਵੀ ਨੁਕਸਾਨ ਨਾ ਹੋਇਆ।
His straw even loss not became.

## Notes

1. The names of the months used in English are commonly known. The pronunciation may, however, be noted :

ਜਨਵਰੀ$^{f}$, ਫ਼ਰਵਰੀ$^{f}$, ਮਾਰਚ, ਅਪ੍ਰੈਲ, ਮਈ$^{f}$, ਜੂਨ, ਜੁਲਾਈ$^{f}$, ਅਗਸਤ, ਸਤੰਬਰ, ਅਕਤੂਬਰ, ਨਵੰਬਰ, ਦਸੰਬਰ।

2. ਵਿਸਾਖੀ$^{f}$ (2) is the first day of the month of Visákh, i.e. 13th April. It is a widely celebrated festival in the Panjab. It is the harvest season. April, of course, is a very pleasant month. Most of the festivals are fixed according to Indian dates. Lohi or Lohri comes on the darkest night of Phágun (Feb.-March); Diwali on the darkest night of Kattik (Oct.-Nov.), Guru Nanak's birthday on the full-moon day of Kattik, Dusserah on the 10th date of Kattik, and so on.

Note the expression with ਉਡੀਕ$^{f}$. We can also say : ਉਹ ਵਿਸਾਖੀ ਨੂੰ ਉਡੀਕਦੇ ਸਨ, they were waiting for Visákhí.

3. ਹਾੜ੍ਹੀ$^{f}$ (3) also called Rabi crop. ਹਾੜ੍ਹ is two months after Visákh, i.e. June-July, when crops are harvested and divided. The other crop is called ਸਾਉਣੀ$^{f}$ which is sown in ਸਾਉਣ, July-August.

4. ਕਢਵਾਣਾ (3) is causative form of ਕਢਣਾ, to take out.

5. ਖਲਵਾੜਾ (4) is a heap of unthreshed grain.

6. ਨਾ ਆਇਆ ਪਰ ਨਾ ਆਇਆ (5) did not come at all, inspite of the fact that he was expected to come.

7. ਪਚੱਧੀ (6) is an echo-word.

8. Cf. ਮੀਂਹ ਪੈਣਾ and ਮੀਂਹ ਵਸਣਾ (6).

9. ਕੱਖ ਵੀ (7), not even a straw, means 'not a little', as also in ਉਹ ਕੱਖ ਵੀ ਨਹੀਂ ਜਾਣਦਾ, he knows nothing at all.

## 6.12 ਮੇਮ ਸਾਹਬ ਤੇ ਦਰਜ਼ੀ, Madam & Tailor

1. ਦਰਜ਼ੀ-ਦੱਸੋ ਮੇਮ ਸਾਹਬ, ਕੀ ਸੇਵਾ ਹੈ? ਹੁਕਮ
Tailor—Tell (me) Madam, what service there is? Order
ਕਰੋ।
do.

2. ਮੇਮ ਸਾਹਬ-ਮਾਸਟਰ ਜੀ, ਮੈਂ ਇਕ ਸ਼ਿਕੈਤ ਕਰਨ ਆਈ
Ma'am— Master Sir, I a complaint to do come
ਹਾਂ। ਪਿਛਲੇ ਹਫਤੇ ਬੱਚਿਆਂ ਦੇ ਜਿਹੜੇ ਸੂਟ ਲੈ
have. Last week children's which suits taken
ਗਈ ਸਾਂ, ਉਹ ਪਤਾ ਨਹੀਂ ਕਿਸ ਸਿਖੰਦੜ ਨੇ
away (I) had, they (I) know not what learner
ਬਣਾਏ ਹਨ ਕਿ ਕਿਸੇ ਦਾ ਮੂੰਹ ਮੱਥਾ ਹੀ
made had that anyone's face(or) head even
ਨਹੀਂ, ਕੋਈ ਚੱਜ ਦਾ ਕਪੜਾ ਹੀ ਨਹੀਂ
(there) is not, any method of cloth just not
ਬਣਿਆ।
is made.

3. ਦਰਜ਼ੀ-ਲਿਆਓ ਫਿਰ ਠੀਕ ਕਰ ਦਿਆਂਗੇ।
Bring again right make (it) we will.

4. ਮੇਮ ਸਾਹਬ-ਕੀ ਠੀਕ ਕਰ ਦਿਉਗੇ। ਸੁਆਹ!
What right make (it) you will. Ash!
ਇਹ ਵੇਖੋ ਮੁੰਨੀ ਦਾ ਫ਼ਰਾਕ-ਦੋਹਾਂ ਬਾਹਵਾਂ ਵਿਚ ਇਕ
This see Munni's frock—the two sleeves-in one
ਇੰਚ ਕੋਲੋਂ ਘੱਟ ਫ਼ਰਕ ਨਹੀਂ। ਕਾਲਰ ਵੇਖੋ-
inch than less difference there is not. Collar see—

ਵਿਚਕਾਰ ਹੀ ਨਹੀਂ। ਬਟਨ ਇਕ ਨਾਲ ਇਕ
centre-in indeed (it) is not. Button one with one
ਨਹੀਂ ਮਿਲਦਾ, ਤੇ ਹੋਰ ਵੇਖੋ। ਇਹ ਜੋ ਵੱਡੇ ਮੁੰਡੇ ਦੀ
not matches, and further see. This is elder boy's
ਨਿੱਕਰ। ਨਾ ਕਾਟ ਚੰਗੀ ਹੈ ਨਾ ਸਿਲਾਈ।
knickers. Neither cutting good is nor stitching.
ਇੰਨਾ ਮਹਿੰਗਾ ਕਪੜਾ ਸੀ। ਸਭ ਐਵੇਂ ਗਿਆ।
So much costly cloth (it) was. All in vain went.

5. ਦਰਜ਼ੀ-ਮੇਮ ਸਾਹਬ! ਗਲਤੀ ਹੋ ਗਈ ਹੈ।
Madam! Mistake done has been.
ਮਾਫ ਕਰਨਾ। ਮੈਂ ਕਿਸੇ ਵਿਆਹ-ਸ਼ਾਦੀ ਤੇ ਚਲਿਆ ਗਿਆ ਸੀ।
Excuse. I some marriage-on gone away had.
ਪਿਛੋਂ ਕਿਸੇ ਕਟਾਈ ਕਰ ਦਿੱਤੀ। ਸਭ
In (my) absence, someone cutting did. All
ਠੀਕ ਕਰਾ ਦੇਵਾਂਗਾ। ਫਿਕਰ ਨਾ ਕਰੋ।
right done I shall get. Worry not do.

6. ਮੇਮ ਸਾਹਬ-ਸੱਚੀ ਗੱਲ ਆਖਾਂ। ਤੁਹਾਨੂੰ ਬੁਰਾ ਲਗ ਜਾਵੇਗਾ।
True word I may say. To you ill feel (it) will.
ਸਾਹਬ ਇਸੇ ਵਾਸਤੇ ਤੁਹਾਡੇ ਕੋਲੋਂ ਕਪੜੇ
Mr. (my husband) this account-on you-from clothes
ਨਹੀਂ ਸਿਵਾਂਦੇ। ਕਹਿੰਦੇ ਨੇ, ਮਾਸਟਰ ਸੋਹਨ ਲਾਲ ਕੋਲੋਂ
not gets sewn. (He) says, Master Sohan Lal-from
ਇਕ ਵਾਰ ਸੂਟ ਸਿਵਾਇਆ ਸੀ। ਕੋਟ ਤੰਗ ਸੀ,
(at) one time suit got sewn (I) had. Coat tight-fit was,
ਪਤਲੂਨ ਢਿੱਲੀ ਢਾਲੀ। ਫਿਟ ਕਰਦਿਆਂ ਕਰਦਿਆਂ ਮਾਸਟਰ ਨੇ
pantaloon loose & baggy. Fit doing doing, the master
ਕਪੜੇ ਦਾ ਨਾਸ ਮਾਰ ਦਿੱਤਾ।
cloth's destruction made.

7. ਦਰਜ਼ੀ-ਮੇਮ ਸਾਹਬ! ਅਸਲੀ ਗੱਲ ਇਹ ਹੈ ਕਿ ਅਸੀਂ ਤਾਂ
Madam! Real thing this is that we of course
ਸਿਰਫ ਤੀਵੀਆਂ ਦੇ ਕਪੜੇ ਸੀਉਂਦੇ ਹਾਂ। ਤੁਸੀਂ ਲੋਕ ਮਜਬੂਰ
only ladies' clothes sew. You people compel
ਕਰਦੇ ਹੋ ਤਾਂ ਦੂਜਾ ਕੰਮ ਲੈਣਾ ਪੈ ਜਾਂਦਾ ਹੈ। ਅੱਛਾ
(us) then other work take (we) have to. All right

ਦਸੋ, ਤੁਹਾਨੂੰ ਤਾਂ ਕੋਈ ਸ਼ਿਕਾਇਤ ਨਹੀਂ ਨਾ?
say, to you of course any complaint none is, is not it?

8. ਮੇਮ ਸਾਹਬ-ਸ਼ਿਕੈਤ! ਸ਼ਿਕੈਤ ਇਹੋ ਹੈ ਕਿ ਪੈਸੇ
Complaint ! Complaint this very is that price
ਬਹੁਤ ਲਾ ਲੈਂਦੇ ਹੋ।
much you charge.

9. ਦਰਜ਼ੀ-(ਹਸ ਕੇ) ਪੈਸਾ ਤਾਂ ਮਿਹਨਤ ਦਾ ਹੈ।
(smiling) Price of course hard work-of is.

10. ਮੇਮ ਸਾਹਬ-ਅੱਛਾ, ਇਹ ਤਾਂ ਹੋਇਆ। ਮੈਨੂੰ ਚਾਰ ਬਲਾਊਸ
Right, this of course done. Me four blouses
ਤੇ ਇਕ ਕਮੀਜ਼-ਸਲਵਾਰ ਬਣਾ ਦਿਓ।
and a shirt-salwar make.

11. ਦਰਜ਼ੀ- ਬੜੀ ਖ਼ੁਸ਼ੀ ਨਾਲ। ਮੈਂ ਕਪੜਾ ਵਿਖਾਂਦਾਂ ਹਾਂ। ਤੁਸੀਂ
Great pleasure-with. I cloth show you
ਪਸੰਦ ਕਰੋ।
liking do.

12. ਮੇਮ ਸਾਹਬ-ਬਲਾਊਸ ਚਾਹੀਦੇ ਹਨ ਰੇਸ਼ਮੀ। ਕੋਈ ਸਾਟਨ, ਕਰੇਪ
Blouses wanted are silken. Any satin, crepe
ਵਿਖਾਓ।
show.

13. ਦਰਜ਼ੀ- ਰੰਗ ਕਿਹੜਾ ਚਾਹੁੰਦੇ ਹੋ?
Colour which (you) want?

14. ਮੇਮ ਸਾਹਬ-ਮੈਨੂੰ ਪਿਆਜ਼ੀ, ਬਿਸਕੁਟੀ, ਪੀਲਾ-
To me onion (pinkish), biscuit (brownish), yellow-
ਇਹੋ ਜਿਹੇ ਨੀਮ ਨੀਮ ਰੰਗ ਚੰਗੇ ਲਗਦੇ ਹਨ। ਇਕ
these like light light colours good felt are. One
ਬਲਾਊਸ ਚਿੱਕਨ ਦਾ ਹੋ ਜਾਵੇ। ਜ਼ਰਾ ਛੇਤੀ ਛੇਤੀ। ਕਮੀਜ਼
blouse chikkan-of be may. A little hurriedly. Shirt-
ਲਈ ਟੇਰੀਨ ਚੰਗੀ ਰਹੇਗੀ। ਸਲਵਾਰ ਲੱਠੇ ਦੀ। ਤਿੰਨ
for terene good will be. Salwar long-cloth's. Three
ਮੀਟਰ ਛਾੜ ਦਿਓ। ਹਾਂ ... ਚਿੱਕਨ ਤਾਂ ਤੁਸਾਂ
meter, tear away. Well ... CHIKKAN of course you
ਵਿਖਾਇਆ ਹੀ ਨਹੀਂ। ਇਹਦਾ ਬਰ ਕਿੰਨਾ ਹੈ ਤੇ
shown at all not have. Its width how much is and

ਬਲਾਊਸ ਤੇ ਕਿੰਨਾ ਲਗੇਗਾ ?

blouse-on how much will be used ?

15. ਦਰਜ਼ੀ-ਬਰ ਇਕ ਮੀਟਰ ਹੈ ਤੇ ਲਗੇਗਾ ਵੀ ਇਕੋ

Width one meter is and used will be also one

ਮੀਟਰ।

meter.

16. ਮੇਮ ਸਾਹਬ-ਚੰਗਾ। ਫਾੜ ਦਿਓ।

All right. Tear (cut) away.

17. ਦਰਜ਼ੀ-ਜ਼ਰਾ ਤੁਹਾਡਾ ਨਾਪ ਫਿਰ ਲੈ ਲਵਾਂ। ਓਏ

Just your measurement again take (I) may. O

ਮੁੰਡਿਆ, ਲਿਆ ਫੀਤਾ ਤੇ ਰਜਿਸਟਰ। ... ਹਾਂ ਜੀ,

boy, fetch the tape and register ... Yes please,

ਆਸਤੀਨ ਰਖੋਗੇ ਕਿ ਨਹੀਂ?

sleeve will you keep or not?

18. ਮੇਮ ਸਾਹਬ-ਕਮੀਜ਼ ਦੀ ਆਸਤੀਨ ਪੂਰੀ ਰਖਣੀ ਤੇ ਬਲਾਊਸ ਦੀ

Shirt's sleeve full have to keep and blouse's

ਡੌਲਿਆਂ ਤਕ। ... ਕਦ·ਤਕ ਤਿਆਰ

middle of hind-arm-upto ... When-upto ready-

ਹੋ ਜਾਣਗੇ?

will (they) be?

19. ਦਰਜ਼ੀ-ਅਜ ਹੈ ਮੰਗਲ। ਮੰਗਲ ਇਕ, ਬੁਧ

Today is Tuesday. Tuesday one, Wednesday

ਦੋ, ਵੀਰ ਤਿੰਨ, ਸ਼ੁਕਰ ਚਾਰ। ਤੁਸੀਂ ਸ਼ਨਿਚਰਵਾਰ

two, Thursday three, Friday four. You Saturday

ਆ ਕੇ ਲੈ ਜਾਣਾ।

coming take away.

20. ਮੇਮ ਸਾਹਬ-ਪਰ ਸ਼ਨਿਚਰ ਨੂੰ ਜ਼ਰੂਰ। ਮੈਨੂੰ ਐਵੇਂ ਫੇਰਾ ਨਾ

But Saturday-on must. Me invain round not

ਪੈ ਜਾਵੇ।

made is.

21. ਦਰਜ਼ੀ-ਜ਼ਰੂਰ ਜੀ ਜ਼ਰੂਰ। ... ਅੱਛਾ, ਕੁਝ ਪੇਸ਼ਗੀ

Must of course must ... Well, some advance

ਦੇਂਦੇ ਜਾਓ।

giving go.

22. ਮੇਮ ਸਾਹਬ-ਪੇਸ਼ਗੀ। ਦਸ-ਪੰਦਰਾਂ ਰੁਪਏ ਦੇ ਦੇਵਾਂ?
Advance. Ten fifteen rupees give may I ?

23. ਦਰਜ਼ੀ-ਜੀ, ਤੁਸੀਂ ਕਪੜਿਆਂ ਦਾ ਮੁੱਲ ਦੇ ਦਿਓ। ਹੋਰ
Please, You clothes-of price give. More
ਪੇਸ਼ਗੀ ਭਾਵੇਂ ਨਾ ਹੀ ਦਿਓ।
advance, if you wish, not indeed give.

24. ਮੇਮ ਸਾਹਬ-ਕਪੜਿਆਂ ਦੇ ਕਿੰਨੇ ਪੈਸੇ ਬਣੇ।
Clothes-of how many pices make up.
ਜੋੜੋ।
Add up.

25. ਦਰਜ਼ੀ-ਮੈਂ ਕੈਸ਼ ਮੀਮੋ ਬਣਾ ਦੇਂਦਾਂ। ਲਓ। ਇਹ ਬਣ
I cash memo making give. Take. These make
ਗਏ ਤਿਹੱਤਰ ਰੁਪਏ ਸੱਠ ਪੈਸੇ।
up seventy three rupees sixty paise.

26. ਮੇਮ ਸਾਹਬ-ਹਾਏ ਮੈਂ ਮਰ ਗਈ! ਇੰਨਾ! ਇੰਨੇ ਪੈਸੇ
Oh I dead am ! So much! So many pices
ਤਾਂ ਮੈਂ ਲਿਆਈ ਵੀ ਨਹੀਂ।
of course I brought even not.

27. ਦਰਜ਼ੀ-ਕੋਈ ਗੱਲ ਨਹੀਂ, ਮੈਂ ਮੁੰਡੇ ਨੂੰ ਤੁਹਾਡੇ ਨਾਲ ਭੇਜਦਾ ਹਾਂ
Any matter not, I boy-to you with send.
ਜਿਹੜੇ ਹੈ ਨੇ ਦੇਂਦੇ ਜਾਓ, ਬਾਕੀ ਘਰੋਂ ਭੇਜ
What have you giving go, the rest from house send
ਦੇਣੇ। ਹੋਰ ਕੀ?
up. Else what?

28. ਮੇਮ ਸਾਹਬ-ਬਹੁਤ ਅੱਛਾ।
Very well.

29. ਦਰਜ਼ੀ-ਅੱਛਾ ਮੇਮ ਸਾਹਬ, ਸਲਾਮ।
Well madam, Greetings.

30. ਮੇਮ ਸਾਹਬ-ਸਲਾਮ।
Greetings.

## Notes

1. Although ਮੇਮ means 'lady' and ਸਾਹਬ means 'gentleman', the term ਮੇਮ ਸਾਹਬ is commonly used to denote a 'lady', especially

European or American. It is also employed by sophisticated people for their 'Mrs.'.

2. ਸੁਆਹ$^f$ (4), ash, means 'trash', 'fie' in such contexts.

3. ਨਿੱਕਰਾਂ$^f$ (4), shorts, short pants.

4. ਸਿਲਾਈ$^f$ (4) is abstract noun from ਸਿਲਾਣਾ, causative of ਸੀਊਣਾ, to sew. Also ਸਿਵਾਈ$^f$ from ਸਿਵਾਣਾ. These two are dialectical variations.

5. ਢਾਲੀ (6) is the echo of ਢਿੱਲੀ, loose.

6. ਕਰਦਿਆਂ ਕਰਦਿਆਂ (6) shows that the fitting was done again and again.

7. Note the passive use with ਸ਼ਿਕਾਇਤ$^f$ ਹੈ (7)। We say ਮੈਨੂੰ ਸ਼ਿਕਾਇਤ ਹੈ, to me complaint is, I have a complaint; ਉਸਨੂੰ ਆਸ ਹੈ, he has the hope, ਤੈਨੂੰ ਵਿਸ਼ਵਾਸ ਹੈ, you have the trust, ਉਸਨੂੰ ਗੁੱਸਾ ਆ ਗਿਆ, he became angry. Colloquial pronunciation of ਸ਼ਿਕਾਇਤ is ਸ਼ਿਕੈਤ।

8. ਸਲਵਾਰ$^f$ (10) is the Turkish form of trousers.

9. ਚਿੱਕਨ (14) is fine embroidered cloth, usually white.

10. ਬਰ (14) for 'width' is used for measuring cloth only. ਚੌੜਾਈ$^f$ is the usual term for 'width'.

11. ਡੌਲਾ (18) is the part of the arm from elbow to shoulder, also the biggest part of it, the muscular middle.

12. ਦੇਂਦਾਂ (25) is rapid form of ਦੇਂਦਾ ਹਾਂ।

13. ਹਾਏ ਮੈਂ ਮਰ ਗਈ (26) is usually uttered by ladies to express shocking surprise.

14. ਸਲਾਮ is a form of salutation to and by a Muslim, like ਨਮਸਤੇ of the Hindus and ਸਤ ਸ੍ਰੀ ਅਕਾਲ of the Sikhs.

## 6.13 ਚੰਗਾ ਮੁੰਡਾ, A Good Boy

1. ਸਿਆਣੇ ਬੱਚੇ ਆਪਣੇ ਤੋਂ ਵਡਿਆਂ ਦਾ ਆਦਰ
Wise children themselves-to elders' respect
ਕਰਦੇ ਹਨ। ਇਸ ਵਜੋਂ ਉਨ੍ਹਾਂ ਦਾ ਨਾਂ ਉਜਲਾ ਹੁੰਦਾ ਹੈ।
do. This account-on their name bright becomes.
ਲੋਕ ਉਨ੍ਹਾਂ ਨੂੰ ਪਿਆਰ ਕਰਦੇ ਹਨ। ਉਨ੍ਹਾਂ ਦੇ ਮਾਂ-ਬਾਪ ਨੂੰ ਸ਼ਾਬਾਸ਼
People them love do. Their parents-to 'well-done'
ਦੇਂਦੇ ਹਨ ਜਿਨ੍ਹਾਂ ਨੇ ਨਿਆਣਿਆਂ ਨੂੰ ਇਹੋ ਜਿਹੀ ਸਿਖਿਆ ਦਿੱਤੀ।
give who children-to this like breeding gave.

ਸੂਰਜ ਪ੍ਰਕਾਸ਼ ਅਜੇਹਾ ਹੀ ਇਕ ਮੁੰਡਾ ਸੀ। ਉਹ ਸਵੇਰੇ
Suraj Parkash of this sort very a boy was. He early
ਉਠਦਾ ਤੇ ਪਹਿਲਾਂ ਤਾਂ ਆਪਣੇ ਪਿਤਾ ਦੇ ਚਰਨ
would-get-up and first of course his father's feet
ਛੋਂਹਦਾ। ਪਿਤਾ ਜੀ ਕਹਿੰਦੇ, "ਜੀਉਂਦਾ ਰਹੋ, ਬੱਚਾ,
would-touch. Father sir would say, "Living keep, child,
ਫੱਲੇਂ ਫੁੱਲੇਂ।" ਫਿਰ ਉਹ ਮਾਂ ਦੇ ਪੈਰਾਂ ਤੇ ਜਾ ਮੱਥਾ
may you prosper." Then the mother's feet-at going head
ਟੇਕਦਾ। ਮਾਂ ਕਹਿੰਦੀ, "ਵਡੀਆਂ ਉਮਰਾਂ, ਮੈਂ ਵਾਰੀ ਵੇ
would-bend. Mother would-say, "Long live, I devote, O
ਬੱਚਿਆ, ਮੈਂ ਸਦਕੇ ਜਾਵਾਂ।" ਮਾਂ ਉਸਦਾ ਮੂੰਹ ਮੱਥਾ
child, I sacrifice (myself)." Mother his face-head
ਚੁੰਮਦੀ ਤੇ ਅਸੀਸਾਂ ਦੇਂਦੀ।
would-kiss and blessings give.

2. ਸੂਰਜ ਜਦੋਂ ਸਕੂਲੇ ਜਾਂਦਾ ਤਾਂ ਰਾਹ ਵਿਚ ਸਭ ਨੂੰ
Suraj when to-school would-go then way-in all-to
'ਜੈ ਹਿੰਦ' ਕਰਦਾ ਜਾਂਦਾ। ਸਾਰੇ ਹੀ ਉਸ ਨੂੰ ਚੰਗਾ ਸਮਝਦੇ
JAI HIND doing would-go-on. All him-to good would think
ਅਤੇ ਕਹਿੰਦੇ-ਵਾਹ, ਕਿੰਨਾ ਮਿੱਠਾ ਬੋਲਦਾ ਹੈ। ਧੰਨ ਹੈ ਇਸਦੀ
and say—Aha, how sweet (he) speaks. Blessed is his
ਜੰਮਣ ਵਾਲੀ।
birth-giver (i.e. mother).

3. ਜਦੋਂ ਕਦੀ ਪੰਚਾਇਤ ਦੀ ਮੀਟਿੰਗ ਹੁੰਦੀ ਤਾਂ ਸੂਰਜ
When ever Panchayat's meeting was held then Suraj
ਪ੍ਰਕਾਸ਼ ਦੇ ਘਰ ਹੁੰਦੀ ਸੀ, ਕਿਉਂਕਿ ਉਸਦੇ ਪਿਤਾ ਪਿੰਡ ਦੇ ਸਰਪੰਚ
Prakash's house at held was, because his father village-of head
ਸਨ। ਸੂਰਜ ਦਰਵਾਜ਼ੇ ਉੱਤੇ ਖੜੋਤਾ ਸਭ ਨੂੰ 'ਜੀ ਆਇਆਂ ਨੂੰ' ਕਹਿੰਦਾ ਤੇ
was. Suraj door-at standing all-to 'welcome' would say and
ਆਦਰ ਨਾਲ ਅੰਦਰ ਲਿਜਾ ਕੇ ਬਿਠਾਉਂਦਾ। ਉਨ੍ਹਾਂ ਨੂੰ ਚਾਹ-ਪਾਣੀ
respect-with inside bringing seated (them). Them tea-water
ਪਿਆਉਂਦਾ। ਲੋਕ ਉਸ ਦੀ ਸੇਵਾ ਵੇਖ ਕੇ ਬਹੁਤ ਖੁਸ਼ ਹੁੰਦੇ।
would make-drink. People his service seeing very pleased were.

4. ਸੂਰਜ ਪ੍ਰਕਾਸ਼ ਦੇ ਗੁਆਂਢ ਇਕ ਹੋਰ ਮੁੰਡਾ
Suraj Prakash-of neighbourhood an other boy

ਰਹਿੰਦਾ ਸੀ। ਉਹ ਇਕ ਪਟਵਾਰੀ ਦਾ ਪੁੱਤਰ ਸੀ। ਉਸ ਦਾ ਨਾਂ ਸੀ
living was. He a Patwari's son was. His name was
ਸ਼ਮਸ਼ੇਰ ਸਿੰਘ। ਸ਼ਮਸ਼ੇਰ ਜ਼ਬਾਨ ਦਾ ਬੜਾ ਕੌੜਾ ਤੇ ਸਭਿਆਚਾਰ
Shamsher Singh. Shamsher tongue-of very bitter and etiquette-
ਦਾ ਖੋਟਾ ਸੀ। ਸਾਰਾ ਦਿਨ ਲੜਦਾ ਝਗੜਦਾ ਰਹਿੰਦਾ,
of bad was. Whole day (he) would fighting quarrelling go-on,
ਗਾਲ੍ਹਾਂ ਕਢਦਾ ਤੇ ਮਾਰ ਕੁਟਾਈ ਕਰਦਾ ਫਿਰਦਾ ਸੀ। ਜਦੋਂ ਕੋਈ
abuses giving and beating doing would-move. When anybody
ਉਸ ਨੂੰ ਫ਼ਤਿਹ ਬੋਲਦਾ ਤਾਂ ਉਹ ਮੂੰਹ ਫੇਰ
him to Fateh (greeting) would say then he face would turn
ਲੈਂਦਾ। ਇਹੋ ਜਿਹੇ ਬਦਤਮੀਜ਼ ਮੁੰਡੇ ਨੂੰ ਕੌਣ ਪਸੰਦ ਕਰਦਾ?
away. This like ill-mannered boy-to who like would?

5. ਸਾਲ ਦੇ ਅਖੀਰ ਵਿਚ ਸਕੂਲ ਦਾ ਸਾਲਾਨਾ ਜਲਸਾ
Year's end-at school-of yearly/annual function
ਹੋਇਆ। ਇਸ ਵਿਚ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਾਹਬ ਵੀ
was held. It-in district-of Deputy Commissioner Sir also
ਆਏ। ਉਨ੍ਹਾਂ ਚੰਗਿਆਂ ਮੁੰਡਿਆਂ ਨੂੰ ਇਨਾਮ ਦਿੱਤੇ। ਸੂਰਜ ਪ੍ਰਕਾਸ਼ ਦਾ
came. He good boys-to prizes gave. Suraj Prakash's
ਨਾਂ ਬੋਲਿਆ ਗਿਆ ਤਾਂ ਸਾਰਿਆਂ ਮੁੰਡਿਆਂ ਤੇ ਮਾਸਟਰਾਂ ਨੇ ਤਾੜੀ
name called was, then all boys and teachers palms
ਵਜਾਈ। ਡਿਪਟੀ ਕਮਿਸ਼ਨਰ ਨੇ ਉਸ ਨੂੰ ਮੇਜ਼ ਉੱਤੇ
beat (cheered). The Deputy Commissioner him table-on
ਖੜ੍ਹਾ ਕਰਕੇ ਥਾਪੀ ਦਿੱਤੀ ਤੇ ਉਸ ਦੀ ਕਮੀਜ਼ ਨਾਲ ਸੋਨੇ ਦਾ ਤਗਮਾ
making stand patting gave and his shirt-with gold-of medal
ਲਾਇਆ। ਆਪਣੇ ਕੋਲੋਂ ਦਸ ਰੁਪਏ ਹੋਰ ਇਨਾਮ ਦਿੱਤੇ।
attached. Himself-on behalf of ten rupees more (as) prize give.

6. ਹੈਡਮਾਸਟਰ ਨੇ ਉਸ ਦੀ ਫੋਟੋ ਉਤਰਵਾਈ। ਬਾਦ
The Headmaster his photo got. After-
ਵਿਚ ਉਨ੍ਹਾਂ ਨੇ ਲੈਕਚਰ ਦਿੱਤਾ ਤੇ ਕਿਹਾ– "ਪਿਆਰੇ ਬੱਚਿਓ ਤੇ
wards he lecture gave and said—"Dear children and
ਸਾਥੀਓ! ਮੈਂ ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਵਧਾਈ ਦੇਂਦਾ ਹਾਂ
comrades! I those all students-to congratulations give
ਜਿਨ੍ਹਾਂ ਇਨਾਮ ਪਾਏ ਹਨ। ਸਭ ਤੋਂ ਵਧ ਵਧਾਈ ਦੇਂਦਾ ਹਾਂ
who prizes obtained have. All-of most congratulations (I) give

ਸੂਰਜ ਪ੍ਰਕਾਸ਼ ਨੂੰ ਜੋ ਸਾਡੇ ਸਕੂਲ ਦਾ ਸਭ ਤੋਂ ਸਾਊ ਮੁੰਡਾ ਹੈ। ਉਸ
Suraj Prakash-to who our school's all-of noble boy is. Him-
ਤੋਂ ਇਹ ਸਿਖਿਆ ਲੈਣੀ ਚਾਹੀਦੀ ਹੈ ਕਿ ਵੱਡਿਆਂ ਦਾ ਆਦਰ ਕਰਨ ਵਿਚ
from this lesson take (we) should that elders' respect doing-in
ਵਡਿਆਈ ਹੈ।"
greatness is."

7. ਸ਼ਮਸ਼ੇਰ ਸਿੰਘ ਇਹ ਸਾਰੀ ਕਾਰਵਾਈ ਵੇਖ-ਵੇਖ ਕੇ
Shamsher Singh this all proceeding seeing-seeing
ਸ਼ਰਮਿੰਦਾ ਹੁੰਦਾ ਰਿਹਾ।
ashamed getting kept.

## Notes

1. ਸ਼ਾਬਾਸ਼$^f$, also ਸ਼ਾਬਾਂ$^f$ (1) is an expression of approval, praise and encouragement. Note the idiom ਸ਼ਾਬਾਸ਼ ਦੇਣੀ like ਅਸੀਸ ਦੇਣੀ, to give a blessing.

2. ਫਲਣਾ (1), to fruit, ਫੁਲਣਾ (1), to blossom. Hence ਫਲਣਾ-ਫੁਲਣਾ figuratively means 'to prosper'.

3. ਸਦਕੇ ਜਾਵਾਂ (1) is also a form of blessing. It means 'I sacrifice myself' for your welfare because you have deserved to live longer.

4. ਪੰਚਾਇਤ$^f$ (3) is a village assembly invested with municipal as well as judicial powers. The members of the body are called ਪੰਚ, and the head is ਸਰਪੰਚ (3).

5. ਪਟਵਾਰੀ is a village official who keeps account of land and land revenue. In some parts of the country he is now called ਲੇਖਪਾਲ.

6. ਖੋਟਾ ਸੋਨਾ is impure gold; ਖੋਟਾ ਸਿੱਕਾ, counterfeit coin; ਖੋਟਾ ਸਮਾਂ, evil times; ਖੋਟਾ ਵਿਹਾਰ, unfair or dishonest dealing; ਖੋਟਾ ਆਦਮੀ (4), worthless or wicked person.

7. Note the idiom ਗਾਲ੍ਹਾਂ$^f$ ਕਢਣਾ (4), also ਗਾਲ੍ਹਾਂ ਦੇਣਾ, to give abuses. ਕਢਣਾ, literally means 'to take out'.

8. ਫ਼ਤਿਹ$^f$ (4) lit. victory! is a form of salutation used among Sikhs. The full form is ਵਾਹਿਗੁਰੂ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ, the Khalsa (Sikh) belongs to God; may God's victory be yours.

9. ਤਾੜੀ$^f$, clapping of hands.

10. ਫੋਟੋ[f] ਉਤਰਵਾਈ (6), also ਫੋਟੋ ਖਿਚਵਾਈ, to get oneself photographed. ਫੋਟੋ ਉਤਾਰਨਾ or ਖਿਚਣਾ, to take a photo. ਉਤਾਰਨਾ means 'to take down', 'to trace', and 'ਖਿਚਣਾ', to draw.

11. ਵਡਿਆਈ[f] (6) is an abstract noun from ਵੱਡਾ, big, great.

12. Repetitive verb as ਵੇਖ-ਵੇਖ shows repetition or continuity of action.

## 6.14 ਡਾਕ ਘਰ, Post Office

1. ਪਰਦੇਸੀ- ਸੁਣੋ ਜ਼ਰਾ, ਸਰਦਾਰ ਜੀ, ਮੈਂ ਡਾਕਖਾਨੇ

Stranger—Listen, just, Sardar Ji, I post-office-to

ਜਾਣਾ ਚਾਹੁੰਦਾ ਹਾਂ। ਕਿਧਰ ਜਾਵਾਂ?

to go want. Whither may I go?

2. ਅਰਜਨ ਸਿੰਘ-ਡਾਕਖਾਨੇ? ਡਾਕਖ਼ਾਨਾ ਤਾਂ

Arjan Singh— To post-office? Post-office of course

ਬਜਾਰ ਵਿਚ ਹੈ।

market-in is.

3. ਪਰਦੇਸੀ— ਇਥੋਂ ਕਿੰਨੀ-ਕੁ ਦੂਰ ਹੈ? ਕੋਈ

—Herefrom how much distant is? Any

ਸਵਾਰੀ ਕਰਕੇ ਜਾਣਾ ਪਵੇਗਾ?

conveyance doing to go (you) will have?

4. ਅਰਜਨ ਸਿੰਘ-ਨਹੀਂ ਜੀ। ਨੇੜੇ ਹੀ ਹੈ। ਇਕ

—No please. Near indeed (it) is. A

ਅੱਧਾ ਫਰਲਾਂਗ ਹੋਵੇਗਾ।

half furlong (it) will be.

5. ਪਰਦੇਸੀ- ਕਿੰਨੇ ਵਜੇ ਖੁਲ੍ਹਦਾ ਹੈ?

—What time-at (it) opens?

6. ਅਰਜਨ ਸਿੰਘ-ਇਹ ਡਾਕਖ਼ਾਨਾ ਤਾਂ ਅੱਠੇ ਪਹਿਰ

—This post-office of course 24 hours

ਖੁਲ੍ਹਿਆ ਰਹਿੰਦਾ ਹੈ। ਹੋਰ ਡਾਕਖਾਨੇ ਦਸ ਤੋਂ ਤਿੰਨ

open remains. Other post-offices ten-from three

ਵਜੇ ਤਕ ਖੁਲ੍ਹੇ ਰਹਿੰਦੇ ਨੇ। ਵੱਡਾ ਡਾਕਖ਼ਾਨਾ ਪੰਜ

o'clock-upto open remain. Head post-office five

ਵਜੇ ਤਕ ਖੁਲ੍ਹਿਆ ਰਹਿੰਦਾ ਹੈ।

o'clock-upto open remains.

7. ਪਰਦੇਸੀ—(ਕੁਝ ਦੂਰ ਚਲ ਕੇ)—ਕਿਉਂ ਜੀ ਬਾਬੂ ਜੀ!
—(a little distance walking)—Please, Sir,
ਡਾਕਖਾਨਾ ਇਹੋ ਹੈ?
Post-office this very is?

8. ਦੂਜਾ ਬੰਦਾ- ਇਹੋ ਹੈ। ਸੱਜੇ ਪਾਸੇ ਵਰਾਂਡੇ
The other man—This is. Right hand-on verandah-
ਵਿਚ ਪੌੜੀਆਂ ਹਨ। ਉਪਰ ਚੜ੍ਹ ਜਾਓ।
in stairs (there) are. Up mount on.

9. ਪਰਦੇਸੀ-ਮਿਹਰਬਾਨੀ! (ਉਪਰ ਜਾ ਕੇ) ਕਿਉਂ ਜੀ, ਟਿਕਟਾਂ
—Thanks! (up going) Please, stamps
ਕਿਹੜੀ ਖਿੜਕੀ ਤੋਂ ਮਿਲਦੀਆਂ ਹਨ?
which window from available are?

10. ਇਕ ਬੰਦਾ-ਉਧਰ ਖੱਬੇ ਜਾਓ। ਅਖ਼ੀਰਲੀ ਬਾਰੀ ਨੂੰ।
A man—There left go. Last window-to.

11. ਪਰਦੇਸੀ (ਜਾ ਕੇ)-ਬਾਬੂ ਜੀ, ਮੈਨੂੰ ਟਿਕਟਾਂ ਚਾਹੀਦੀਆਂ
(going)—Mr. clerk, Me stamps wanted
ਹਨ। ਵੀਹ ਵੀਹ ਪੈਸੇ ਦੀਆਂ ਦਸ ਤੇ ਪੰਦਰਾਂ ਪੰਦਰਾਂ
are. Twenty twenty paise-for ten and fifteen fifteen
ਪੈਸੇ ਦੀਆਂ ਛੇ।
paise-for six.

12. ਬਾਬੂ- ਹੋਰ ਦੱਸੋ।
Clerk—Further say.

13. ਪਰਦੇਸੀ-ਮੈਂ ਥੋੜੇ ਜਿਹੇ ਪੋਸਟ-ਕਾਰਡ ਵੀ ਚਾਹੁੰਦਾ ਹਾਂ। ਇਕ
—I a few just post-cards also want. One
ਰੁਪਏ ਦੇ ਦੇ ਦੇਓ। ਹਾਂ, ਸੱਚੀ। ਪੰਜ ਟਿਕਟ ਲਗੇ ਹੋਏ ਲਿਫ਼ਾਫ਼ੇ
rupee-for give. Yes, truly. Five stamp-fixed envelopes
ਵੀ ਦੇ ਦਿਓ। ਇਕ ਲਿਫ਼ਾਫ਼ੇ ਤੇ ਕਿੰਨੇ ਪੈਸੇ
also give. One envelope-on how many paise
ਲਗਦੇ ਹਨ?
charged are?

14. ਬਾਬੂ- ਵੀਹ।
—Twenty

15. ਪਰਦੇਸੀ—ਹਵਾਈ ਡਾਕ ਤੇ ਕਿੰਨਾ ਟਿਕਟ ਲਗਦਾ ਹੈ?
—Air mail on how-much stamp fixed is?

16. ਬਾਬੂ- ਬੰਦ ਲਿਫ਼ਾਫ਼ੇ ਤੇ ਇਕ ਰੁਪਈਆ ਪੰਜਾਸੀ
—Closed envelope on one rupee eighty five
ਪੈਸੇ ਤੇ ਹਵਾਈ ਲੈਟਰ ਤੇ ਕੁਲ ਪੰਜਾਸੀ ਪੈਸੇ।
paise and air letter on in-all eighty-five paise.

17. ਪਰਦੇਸੀ- ਅੱਛਾ! ਸੱਤ ਹਵਾਈ ਲੈਟਰ ਦੇਣ ਦੀ
—All right! Seven air letters giving-of
ਕ੍ਰਿਪਾ ਕਰੋ। ... ਕੁਲ ਕਿੰਨੇ ਪੈਸੇ
kindness do. ... In all how many paise
ਹੋਏ?
have become?

18. ਬਾਬੂ- ਨੌਂ ਰੁਪਏ ਪੰਦਰਾਂ ਪੈਸੇ।
—Nine rupees fifteen paise.

19. ਪਰਦੇਸੀ-ਹੈਂ! ਮੇਰੇ ਹਿਸਾਬ ਨਾਲ ਤਾਂ
—Pardon! My account according-to of course
ਨੌਂ ਰੁਪਏ ਪੰਜੀ ਪੈਸੇ ਬਣਦੇ ਹਨ।
nine rupees twenty five paise make.

20. ਬਾਬੂ—(ਹਸ ਕੇ) ਤੁਸੀਂ ਪੰਜੀ ਦੇ ਦਿਓ ਤਾਂ ਸਾਨੂੰ
—(smiling) If you twenty five give then to us
ਕੀ ਇਨਕਾਰ ਹੈ। ਪਰ ਬਣਦੇ ਪੰਦਰਾਂ ਹੀ ਹਨ।
what refusal (there) is. But they make fifteen only do.

21. ਪਰਦੇਸੀ-ਲਓ ਜੀ ਬਾਦਸ਼ਾਹੋ, ਲਓ। ... ਅਛਾ ਜੀ, ਜ਼ਰਾ
—Take please my lord, take ... well sir, please
ਦਸਣਾ ਕਿ ਪੁਛ ਗਿਛ ਦੀ ਖਿੜਕੀ ਕਿਧਰ ਹੈ?
tell that enquiry-of window whither is?

22. ਬਾਬੂ— ਬਸ ਇਹ ਨਾਲ ਵਾਲੀ ਖਿੜਕੀ।
—Just this adjoining window.

23. ਪਰਦੇਸੀ-(ਅੱਗੇ ਜਾ ਕੇ) ਬਾਬੂ ਜੀ, ਅਗਲੀ ਡਾਕ ਕਿੰਨੇ
—(further going) Mr. clerk, next mail what
ਵਜੇ ਨਿਕਲੇਗੀ?
o'clock will clear?

24. ਦੂਜਾ ਬਾਬੂ— ਹੁਣ ਢਾਈ ਵਜੇ ਹਨ। ਸਾਢੇ ਤਿੰਨ
The other clerk—Now 2.30 o'clock are. 3.30
ਵਜੇ ਯਾਨੀ ਇਕ ਘੰਟੇ ਤਕ ਨਿਕਲੇਗੀ।
o'clock i.e. one hour-within will clear.

25. ਪਰਦੇਸੀ-ਲੈਟਰ ਬਕਸ ਕਿਧਰ ਹੈ, ਜੀ?
—Letter box where is, please?

26. ਦੂਜਾ ਬਾਬੂ-ਬਾਹਰ ਪੌੜੀਆਂ ਕੋਲ।
—Outside stairs-near.

27. ਪਰਦੇਸੀ-ਮਨੀ ਆਡਰ ਕਿਥੇ ਲੈਂਦੇ ਹਨ?
—Money order where (they) take?

28. ਦੂਜਾ ਬਾਬੂ-ਖਿੜਕੀ ਨੰਬਰ ਪੰਜ ਤੇ ਚਲੇ ਜਾਓ।
—Window No.5-at go on.

29. ਪਰਦੇਸੀ-ਤੁਹਾਡਾ ਭਲਾ ਹੋਵੇ। ਜ਼ਰਾ ਦਸਣਾ ਕਿ
Your good may happen. Please say that
ਤਾਰਾਂ ਕਿਹੜੀ ਖਿੜਕੀ ਤੇ ਲਈਆਂ ਜਾਂਦੀਆਂ ਹਨ?
telegrams w..ich window-at taken are?

30. ਦੂਜਾ ਬਾਬੂ-ਤਾਰ ਘਰ ਤਾਂ ਵਖਰਾ ਹੈ।
—Telegraph office of course separate is.
ਇਥੋਂ ਬਾਹਰ ਜਾ ਕੇ ਖੱਬੇ ਪਾਸੇ ਮੁੜ ਜਾਣਾ। ਬਸ
Hence outside going left side turning go. Just
ਅਗਲੇ ਚੌਰਾਹੇ ਤੇ ਤਾਰ ਘਰ ਹੈ।
next crossing-at telegraph office is.

31. ਪਰਦੇਸੀ-ਬਹੁਤ ਅੱਛਾ ਜੀ। ਮੈਂ ਬਹੁਤ ਧੰਨਵਾਦੀ ਹਾਂ।
—Very well Sir. I very thankful am.
(ਸੋਚਦਾ ਹੋਇਆ) ਪਹਿਲਾਂ ਫ਼ਾਰਮ ਭਰ ਕੇ ਮਨੀ ਆਡਰ
(thinking) At first form filling in Money Order
ਕਰਾ ਲਵਾਂ। ਫਿਰ ਚਿੱਠੀਆਂ ਪੱਤਰ ਲਿਖ ਲਵਾਂ।
done (may I) get. Then letters etc. write may I.
ਤੇ ਮਗਰੋਂ ਤਾਰ ਘਰ ਜਾਵਾਂਗਾ।
And afterwards telegraph office I shall go.

## Notes

1. ਸਰਦਾਰ ਜੀ (1) is a form of address to a Sikh gentleman. The feminine form is ਸਰਦਾਰਨੀ ਜੀ। Also we say ਬੀਬੀ (ਜੀ) to any lady.

2. ਚਾਹੁੰਦਾ = ਚਾਹੁੰਦਾ ਹਾਂ (1), I want.

3. ਸਵਾਰੀ$^f$ (3) means 'conveyance' here. It also means 'passenger', as ਬਸ ਦੀਆਂ ਸਵਾਰੀਆਂ, the passengers of the bus. The form is feminine, but it means any person.

4. ਫ਼ਰਲਾਂਗ (4) = one eighth of a mile, is still used by the people. But the official measurements are kilometer, meter, centimeter, millimeter. 8 kilometers = 5 miles.

5. ਪਹਿਰ (6), a unit of three hours. Therefore, ਅਠ ਪਹਿਰ, eight pahars, is equal to 24 hours.

6. ਮਿਹਰਬਾਨੀ (9), lit. kindness, is a very common word for 'thanks' ਧੰਨਵਾਦ.

7. Repetitive numeral shows distribution. Thus, ਵੀਹ ਵੀਹ (10) means twenty each; ਦਸ ਦਸ, ten each; ਦੋ ਦੋ, two each.

8. ਸੱਚੀ (13) as an exclamation means 'of course', or 'I am reminded'.

9. ਬਾਦਸ਼ਾਹੋ (21) is in vocative. The word has utterly lost its original sense (ਬਾਦਸ਼ਾਹ, king). It is just a catchword of exclamation.

10. ਨਾਲ ਵਾਲੀ ਖਿੜਕੀ (22), also ਨਾਲ ਦੀ ਖਿੜਕੀ.

11. Stair-case of wood or iron and step of bricks etc. are both called ਪੌੜੀ.

12. ਤੁਹਾਡਾ ਭਲਾ ਹੋਵੇ (29) means 'may you be blessed'.

13. ਧੰਨਵਾਦੀ (31) is an adjective from ਧੰਨਵਾਦ, thanks, and means 'thankful'.

14. ਪੱਤਰ (31) also means letter. Sometimes, two synonyms form a compound, meaning '*etcetra*', as ਖ਼ਤ ਪੱਤਰ, letters, etc.; ਹਾਲ ਚਾਲ, account, etc.; ਝਗੜਾ ਰਗੜਾ, bickering; ਸੁਖ-ਸ਼ਾਂਤ, all well.

## 6.15 ਬਹਾਦਰ ਕੁੜੀ, A Brave Girl

1. ਜਲੰਧਰ ਜ਼ਿਲ੍ਹੇ ਦੇ ਇਕ ਪਿੰਡ ਦੀ ਗੱਲ ਹੈ।
Jullunder District's a village-of story (it) is.
ਉਥੇ ਇਕ ਬੜਾ ਅਮੀਰ ਆਦਮੀ ਰਹਿੰਦਾ ਸੀ। ਨਾਉਂ ਸੀ ਉਹਦਾ
There a very rich person living was. Name was his
ਲਛਮਣ ਸ਼ਾਹ। ਉਸਦੇ ਪਾਸ ਇਕ ਨਾ ਇਕ ਪਹਿਰੇਦਾਰ ਰਹਿੰਦਾ
Lachhman Shah. Him-with one or another watchman living
ਹੀ ਸੀ, ਪਰ ਇਨ੍ਹਾਂ ਦਿਨਾਂ 'ਚ ਕੋਈ ਪਹਿਰੇਦਾਰ ਚੌਕੀਦਾਰ
of course was, but these days-during any watchman guardsman
ਨਹੀਂ ਸੀ। ਪਿਛਲਾ ਚੌਕੀਦਾਰ ਅਠ ਦਸ ਦਿਨਾਂ ਤੋਂ ਨਹੀਂ
none (there) was. The last watchman eight ten days-for not

ਆ ਰਿਹਾ ਸੀ। ਸ਼ਾਹ ਹੋਰਾਂ ਨਾਲ ਕੋਈ ਉੱਚੀ ਨੀਵੀਂ ਗੱਲ ਹੋ
coming been had. Shah sir with some high low talk had
ਗਈ ਸੀ। ਉਹ ਨਾਰਾਜ਼ ਹੋ ਕੇ ਚਲਿਆ ਗਿਆ ਸੀ। ਇਕ ਰਾਤ
been. He displeased getting gone away had. One night
ਪੰਜ ਡਾਕੂ ਲੁੱਟਣ ਲਈ ਉਸਦੇ ਘਰ ਆ ਪਏ। ਰੱਬ
five dacoits to rob in-order his house came upon. God
ਜਾਣੇ ਇਹ ਉਸੇ ਚੌਕੀਦਾਰ ਦੀ ਕਰਤੂਤ ਸੀ ਜਾਂ
knows (whether) this the same watchman's misdeed (it) was or
ਸੁਭਾਵਕ ਗੱਲ ਸੀ।
natural matter (it) was.

2. ਡਾਕੂਆਂ ਨੂੰ ਵੇਖ ਕੇ, ਲਛਮਣ ਸ਼ਾਹ ਦੇ ਪ੍ਰਾਣ ਖੁਸ਼ਕ ਹੋ ਗਏ।
Dacoits seeing, Lachhman Shah's life dry became.
ਉਸ ਦੀ ਵਹੁਟੀ ਨੇ ਬੜਾ ਰੌਲਾ ਪਾਇਆ। ਡਾਕੂਆਂ ਨੇ ਉਸਦੇ ਮੂੰਹ ਵਿਚ ਕਪੜਾ
His wife much noise put. The dacoits her mouth-in cloth
ਤੁੰਨ ਦਿੱਤਾ। ਉਹ ਬੇਹੋਸ਼ ਹੋ ਕੇ ਡਿੱਗ ਪਈ। ਸ਼ਾਹ ਨੂੰ ਉਨ੍ਹਾਂ
filled in (gagged). She fainting fell down. Shah-to they
ਮੰਜੀ ਉਤੇ ਲਿਟਾ ਕੇ ਰੱਸੀ ਨਾਲ ਕਸ ਦਿੱਤਾ। ਦੋ ਡਾਕੂ ਕੋਠੇ
bedstead-on laying rope-with tightened up. Two dacoits roof-
ਪੁਰ ਚੜ੍ਹ ਕੇ ਬੰਦੂਕਾਂ ਚਲਾਉਣ ਲਗ ਪਏ ਤੇ ਤਿੰਨ ਅੰਦਰ ਵੜ ਕੇ
on mounting guns to work began and three inside entering
ਲੋਹੇ ਦੀ ਪੇਟੀ ਤੋੜਨ ਲੱਗੇ। ਇਸ ਪੇਟੀ ਵਿਚ ਬੜਾ
iron's chest (safe) to break began. This chest-in much
ਮਾਲ ਸੀ- ਗਹਿਣੇ, ਮੋਹਰਾਂ, ਨੋਟ,
property (there) was—ornaments, pounds, (currency) notes,
ਸੋਨੇ ਚਾਂਦੀ ਦੇ ਭਾਂਡੇ।
gold silver's utensils.

3. ਸ਼ਾਹਣੀ ਦਾ ਰੌਲਾ ਲੋਕਾਂ ਨੇ ਸੁਣਿਆ ਜ਼ਰੂਰ,
The banker's wife's noise people heard of course,
ਤੇ ਬੰਦੂਕਾਂ ਚਲਣ ਦੀ ਆਵਾਜ਼ ਵੀ ਸੁਣੀ, ਪਰ ਕੋਈ
and guns firing-of sound also (they) heard, but any one
ਵੀ ਉਨ੍ਹਾਂ ਦੀ ਮਦਦ ਲਈ ਨਾ ਆਇਆ। ਉਹ ਸਾਰੇ ਡਾਕੂਆਂ
whatsoever their help-for not came. They all the dacoits-
ਤੋਂ ਡਰਦੇ, ਆਪਣੇ-ਆਪਣੇ ਘਰ ਵੜੇ ਰਹੇ।
from fearing, own-own houses entered kept.

4. ਲਛਮਣ ਸ਼ਾਹ ਦੇ ਘਰ ਦੇ ਪਿਛਵਾੜੇ ਇਕ ਫੌਜੀ
Lachhman Shah's house-of behind a military man
ਰਹਿੰਦਾ ਸੀ। ਉਹ ਆਪ ਤਾਂ ਘਰ ਨਹੀਂ ਸੀ। ਉਸ ਦਾ ਟੱਬਰ
living was. He himself of course (at) home not was. His family
ਹੈ ਸੀ। ਸ਼ਾਹਣੀ ਦਾ ਹਾਲ-ਪਾਹਰਿਆ ਇਨ੍ਹਾਂ ਦੇ ਕੰਨੀਂ ਵੀ ਪਿਆ।
(there) was. Banker's wife's cries their ears-in alsc fell.
ਇਕ ਜਵਾਨ ਕੁੜੀ ਦੀ ਹਿੰਮਤ ਵੇਖੋ। ਉਹ ਨੇ ਮਾਂ ਨੂੰ ਕਿਹਾ-
A young girl's courage look at. She mother-to said-
ਜਾਪਦਾ ਹੈ ਲਛਮਣ ਸ਼ਾਹ ਦੇ ਘਰ ਡਾਕਾ ਪੈ ਗਿਆ ਹੈ,
(It) appears Lachhman Shah's house (at) dacoity befallen has,
ਤੇ ਉਨ੍ਹਾਂ ਤੇ ਮੁਸੀਬਤ ਆ ਗਈ ਹੈ। ਮੈਂ ਚਲਾਂ।
and them-on calamity come has. I may go.

5. ਬਾਹਰ ਨਿਕਲ ਕੇ ਉਸ ਨੇ ਲੋਕਾਂ ਨੂੰ ਖ਼ਬਰਦਾਰ ਕੀਤਾ।
Outside coming she the people warned.
ਕਹਿਣ ਲਗੀ-"ਮੈਂ ਅੱਗੇ-ਅੱਗੇ ਚਲਾਂਗੀ। ਤੁਸੀਂ ਮੇਰੇ ਨਾਲ ਚਲੋ।
(She) to say began—"I ahead shall-go. You me-with go.
ਮੈਂ ਲੜਾਂਗੀ ਡਾਕੂਆਂ ਨਾਲ। ਤੁਸੀਂ ਮੈਨੂੰ ਹੌਸਲਾ ਦੇਣਾ।"
I shall-fight dacoits-with. You me-to courage give."

6. ਜਵਾਨ ਕੁੜੀ ਦੀ ਗੱਲ ਸੁਣ ਕੇ ਕਈਆਂ ਨੂੰ ਸ਼ਰਮ
Youthful girl's words hearing many-to shame
ਆਈ। ਉਹ ਡਾਂਗਾਂ ਸੋਟੇ ਫਰਸੇ ਕੁਹਾੜੇ ਲੈ ਕੇ ਟੁਰ ਪਏ
came. They sticks, battons, hatchets, axes taking started off
ਤੇ ਜਾ ਘੇਰਾ ਪਾਇਆ ਲਛਮਣ ਸ਼ਾਹ ਦੇ ਘਰ। ਇਕ ਜਣੇ ਨੂੰ
and going siege laid (at) Lachhman Shah's house. One man-to
ਉਨ੍ਹਾਂ ਖਬਰ ਦੇਣ ਲਈ ਥਾਣੇ ਭੇਜ ਦਿੱਤਾ।
they information to give in order police-station sent up.
ਥਾਣਾ ਦੂਰ ਸੀ। ਬੰਦਾ ਸਾਈਕਲ ਤੇ ਭਜਦਾ ਗਿਆ।
Police-station far-off was. (The) man cycle-on running went.
ਪਿੰਡ ਦੇ ਲੋਕਾਂ ਕੋਲ ਦੋ ਬੰਦੂਕਾਂ ਵੀ ਸਨ। ਉਨ੍ਹਾਂ ਗੋਲੀ
Village-of people-with two guns also (there) were. They bullet
ਚਲਾਉਣੀ ਸ਼ੁਰੂ ਕਰ ਦਿੱਤੀ। ਕੋਠੇ ਤੇ ਖੜੋਤੇ ਦੋਵੇਂ ਡਾਕੂ ਇਨ੍ਹਾਂ
to fire started. Roof-on standing the two dacoits them-
ਨਾਲ ਰੁਝ ਗਏ।
with engaged got.

7. ਰਾਤ ਬੜੀ ਹਨੇਰੀ ਸੀ। ਹੱਥ ਨੂੰ ਹੱਥ ਵਿਖਾਈ ਨਹੀਂ
Night very dark was. Hand to hand be-seen not
ਸੀ ਦੇਂਦਾ। ਜਵਾਨ ਕੁੜੀ ਸਰਕਦੀ ਸਰਕਦੀ ਆਪਣੇ ਕੋਠੇ ਤੋਂ
could. Youthful girl sliding sliding her own roof-from
ਲਛਮਣ ਸ਼ਾਹ ਦੇ ਕੋਠੇ ਉੱਤੇ ਚੜ੍ਹ ਗਈ। ਡਾਕੂਆਂ ਨੇ ਉਸ ਨੂੰ ਨਾ
Lachhman Shah's roof-on mounted. (The) dacoits her-to not
ਵੇਖਿਆ। ਡਾਕੂ ਅਗਲੇ ਪਾਸੇ ਗੋਲੀਆਂ ਚਲਾਂਦੇ ਰਹੇ। ਕੁੜੀ ਨੇ
saw. Dacoits front side bullets firing went-on. The girl
ਕੋਲ ਪਹੁੰਚ ਕੇ ਅਚਣਚੇਤ ਇਕ ਡਾਕੂ ਨੂੰ ਜਾ ਧੱਕਾ ਮਾਰਿਆ
near(them) reaching suddenly one dacoit-to going a push struck
ਤੇ ਉਹਨੂੰ ਕੋਠੇ ਤੋਂ ਹੇਠਾਂ ਸੁੱਟ ਦਿੱਤਾ। ਦੂਜੇ ਨੇ ਕੁੜੀ ਉੱਤੇ
and him roof-from below threw away. The other girl-at
ਗੋਲੀ ਚਲਾਈ। ਵੇਖੋ ਰਬ ਦੀ ਮਿਹਰ, ਕੁੜੀ ਵਾਲ-ਵਾਲ
bullet fired. Look God's kindness, the girl hair-hair (breadth)
ਬਚ ਗਈ। ਇੰਨੇ ਵਿਚ ਇਕ ਮੁੰਡੇ ਨੇ ਛਤ ਉੱਤੇ ਚੜ੍ਹ ਕੇ ਇਸ
escaped was. Meanwhile a boy roof-over mounting this
ਡਾਕੂ ਨੂੰ ਲੱਕੋਂ ਆ ਫੜਿਆ। ਕੁੜੀ ਨੇ ਬੰਦੂਕ ਖੋਹ ਕੇ ਡਾਕੂ ਦੇ
dacoit-to waist-by came caught. The girl gun snatching dacoit's
ਸਿਰ ਵਿਚ ਮਾਰੀ। ਉਹ ਬੇਹੋਸ਼ ਹੋ ਕੇ ਉਥੇ ਹੀ
head-in struck. He senseless becoming at that place very
ਢਹਿ ਪਿਆ। ਉਸੇ ਵੇਲੇ ਪੁਲਸ ਪਹੁੰਚ ਗਈ। ਅੰਦਰ ਵੜੇ ਹੋਏ ਤਿੰਨੇ
fell down. Same time police arrived. Inside entered the three
ਡਾਕੂ ਪਿਛਲੇ ਪਾਸੇ ਗਲੀ ਰਾਹੀਂ ਭਜ ਉੱਠੇ। ਲਛਮਣ ਸ਼ਾਹ ਦਾ
dacoits rear side street by way-of ran up. Lachhman Shah's
ਸਾਰਾ ਮਾਲ ਮੱਤਾ ਬਚ ਗਿਆ। ਉਸ ਕੁੜੀ ਦੀ ਬਹਾਦਰੀ ਦੀ ਤਾਰੀਫ਼
whole property, etc. saved was. That girl's bravery-of praise
ਦੂਰ-ਦੂਰ ਤਕ ਪੁਜ ਗਈ। ਬਾਦ ਵਿਚ ਪੰਜਾਬ ਸਰਕਾਰ ਨੇ ਵੀ
far-off (places)—upto reached. Afterwards Punjab Govt. also
ਉਹਨੂੰ ਇਕ ਹਜ਼ਾਰ ਰੁਪਈਆ ਇਨਾਮ ਵਜੋਂ ਦਿੱਤਾ।
to her one thousand rupees prize by way of gave.

## Notes

1. ਜਲੰਧਰ (1) is the name of a big town in the Panjab. Hence the name of the district also. If we go from Delhi to Amritsar by the main

railway line, we pass through ਅੰਬਾਲਾ, ਲੁਧਿਆਣਾ and ਜਲੰਧਰ, the last being 80 kilometers from ਅੰਮ੍ਰਿਤਸਰ, commonly called ਅੰਬਰਸਰ. We change at Jullundur for Ferozepur as well as Hoshiarpur, and also for Kashmir via Pathankot.

2. ਸ਼ਾਹ (1) is generally not a part of a name. It is added to the first name in the case of moneyed men among Hindus, thus ਰਾਮ ਸ਼ਾਹ, ਗੋਪੀ ਸ਼ਾਹ, ਕਿਸ਼ਨ ਸ਼ਾਹ, etc. Fem. ਸ਼ਾਹਣੀ.

3. ਇਕ ਨਾ ਇਕ (1), one or another; ਕੋਈ ਨਾ ਕੋਈ, someone or another; ਕੁਝ ਨਾ ਕੁਝ, something or another.

4. ਤੋਂ (1) is used to mean 'from' in ਘਰ ਤੋਂ ਖੇਤ ਤਕ, from the house to the field; 'than' in ਉਸ ਤੋਂ ਅੱਛਾ, better than that; 'for' in ਉਹ ਸੱਤਾਂ ਦਿਨਾਂ ਤੋਂ ਬੀਮਾਰ ਹੈ, he has been ill for seven days; and 'since' in ਉਹ ਕੱਲ੍ਹ ਤੋਂ ਬੀਮਾਰ ਹੈ, he has been ill since yesterday.

5. In ਹਾਲ-ਪਾਹਰਿਆ (4) also we have two synonymous words compounded to give emphasis. See note no. 14(6 .14).

6. **More compound verbs**

(a) *Substantivals* (ਕਰਨਾ or ਹੋਣਾ with nouns or adjectives)—ਜਮਾ ਕਰਨਾ, to add; ਜਮ੍ਹਾ ਹੋਣਾ, to collect (v.i.); ਭਰੋਸਾ ਕਰਨਾ, to trust; ਗਰਮ ਕਰਨਾ, to heat; ਚੌੜਾ ਕਰਨਾ, to widen; ਫ਼ਿਕਰ ਕਰਨਾ, to worry; etc.

(b) *Intensives* (with ਜਾਣਾ, ਦੇਣਾ, ਲੈਣਾ, ਪੈਣਾ) as ਖਾ ਜਾਣਾ, to eat up; ਰਖ ਦੇਣਾ, to lay by; ਸੁੱਟ ਦੇਣਾ, to throw away; ਉਠ ਪੈਣਾ, to rise up; ਢਹਿ ਪੈਣਾ, to fall down; ਲੈ ਲੈਣਾ, to take fully.

(c) *Potentials* (with ਸਕਣਾ), as ਜਾ ਸਕਣਾ, to be able to go; ਮੈਂ ਕਰ ਸਕਦਾ ਹਾਂ, I can do; ਉਹ ਨਾ ਵੇਖ ਸਕਿਆ, he could not see.

(d) *Completives* (with ਦੇਣਾ and ਚੁਕਣਾ), as ਦੇ ਦਿੱਤਾ, gave away; ਪੜ੍ਹ ਚੁਕਿਆ, has had read.

(e) *Continuatives* (with ਜਾਣਾ and ਰਹਿਣਾ) as ਬਕਦੇ ਜਾਣਾ, to go on prating; ਪੜ੍ਹਦੇ ਰਹਿਣਾ, to keep reading.

(f) *Frequentatives* (with ਕਰਨਾ) as ਉਹ ਕਰਿਆ ਕਰਦਾ, he does frequently; ਰੋਇਆ ਕਰਦਾ, weeps habitually; ਵੇਚਿਆ ਕਰਦਾ, sells generally.

(g) *Inceptives* (with ਲਗਣਾ), as ਕਹਿਣ ਲਗਿਆ, he began to say; ਧੋਣ ਲਗੀ, she started washing.

(h) ਬੈਠਣਾ (ਬਹਿਣਾ) shows suddenness in ਕਰ ਬੈਠਾ, did

unintentionally; ਲੈ ਬਹਿਣਾ, to take undesirably.
Also see patterns 22A, 22B, 22C and 22D.

## 6.16 ਮਰੀਜ਼, A Patient

1. ਪਰਕਾਸ਼-ਹੈਂ, ਗੁਲਾਬ ਸਿੰਘ ਏਂ ਤੂੰ! ਓਏ, ਕੀ ਹਾਲ ਈ?
—Aha, Gulab Singh are you! O, what condition is yours? (How do you do)?

2. ਗੁਲਾਬ ਸਿੰਘ-ਭੈੜਾ ਹਾਲ ਏ। ਮੈਂ ਤਾਂ ਕਈ ਦਿਨਾਂ
—Bad condition (it) is. I of course several days
ਦਾ ਬੀਮਾਰ ਹਾਂ।
since ill have been.

3. ਪਰਕਾਸ਼-ਮੈਂ ਸੋਚਿਆ, ਨਾ ਜਾਣੇ ਕੌਣ ਹੈ। ਕੀ ਹੋ
—I thought, I not know who is. What has
ਗਿਆ ਤੈਨੂੰ? ਬੜਾ ਕਮਜ਼ੋਰ ਹੋ ਗਿਆ ਹੈਂ।
happened to you? Very weak become you have.
ਮੈਂ ਤਾਂ ਪਹਿਲਾਂ ਪਛਾਣਿਆ ਹੀ ਨਹੀਂ।
I of course at first recognized even not.

4. ਗੁਲਾਬ ਸਿੰਘ-ਵਾਹਿਗੁਰੂ ਦਾ ਭਾਣਾ। ਕਿਧਰੇ ਸਰਦੀ ਖਾ ਗਿਆ ਸਾਂ।
—God's will. Somewhere cold taken-in I had.
ਪਹਿਲੇ ਜ਼ੁਕਾਮ ਲਗਿਆ ਰਿਹਾ। ਫਿਰ ਖਾਂਸੀ, ਬੁਖਾਰ।
At first bad cold remained. Then cough, fever.
ਕੁਝ ਨਾ ਪੁੱਛ।
Anything not ask.

5. ਪਰਕਾਸ਼-ਮੈਨੂੰ ਤਾਂ ਕੁਝ ਪਤਾ ਹੀ ਨਹੀਂ ਚਲਿਆ।
—Me of course any knowledge indeed not became.

6. ਗੁਲਾਬ ਸਿੰਘ-ਪਤਾ ਕੀਕਣ ਲਗਦਾ! ਛੁਟੀਆਂ
—Knowledge how could become! Holidays-
ਵਿਚ ਉਂਜ ਵੀ ਮੇਲ ਮੁਲਾਕਾਤ ਨਹੀਂ ਹੁੰਦੀ। ਦੋਸਤ
during otherwise too meeting not happens. Friends
ਹਨ ਕੋਈ ਕਿਥੇ ਕੋਈ ਕਿਥੇ।
are some where some where.

7. ਪਰਕਾਸ਼-ਹੁਣ ਕੀ ਹਾਲ ਏ?
—Now what condition is?

8. ਗੁਲਾਬ ਸਿੰਘ-ਪਹਿਲਾਂ ਦੋ ਹਫ਼ਤੇ ਡਾਕਟਰ ਗੁਰਬਖ਼ਸ਼ ਸਿੰਘ ਦਾ
—First two weeks Doctor Gurbakash Singh's
ਇਲਾਜ ਕਰਾਂਦਾ ਰਿਹਾ ਹਾਂ। ਕੁਝ ਫ਼ਾਇਦਾ ਨਹੀਂ
treatment done getting (I) was. Any relief not
ਹੋਇਆ। ਦੋ ਤਿੰਨ ਦਿਨਾਂ ਤੋਂ ਠਾਕਰ ਵੈਦ ਦੀ ਦਵਾ
was. Two three days since Thakar Vaid's medicine
ਚਲ ਰਹੀ ਹੈ।
going has been.

9. ਪਰਕਾਸ਼- ਕੁਝ ਫ਼ਰਕ ਹੈ ਕਿ ਨਹੀਂ?
—Any difference (there) is or no?

10. ਗੁਲਾਬ ਸਿੰਘ-ਫ਼ਰਕ ਤਾਂ ਜ਼ਰੂਰ ਹੈ। ਉਥੇ ਹੀ
—Difference of course (there) is. There exactly
ਜਾ ਰਿਹਾ ਹਾਂ।
going (I) am.

11. ਪਰਕਾਸ਼-ਇੰਨੀ ਖੇਚਲ! ਘਰ ਬੁਲਾ
—So much trouble! Home call (him)
ਲੈਂਦਿਓਂ।
you should have.

12. ਗੁਲਾਬ ਸਿੰਘ-ਘਰ ਬੁਲਾਣ ਦੀ ਕਦਰ ਕਿਥੋਂ?
—Home calling-of power where (is) ?

13. ਪਰਕਾਸ਼-ਅੱਛਾ, ਚਲ, ਮੈਂ ਤੇਰੇ ਨਾਲ ਚਲਦਾ ਹਾਂ। ਹੁਣ
—All right, go on, I you-with go. Now
ਤਾਂ ਪਹੁੰਚ ਹੀ ਗਿਆ ਹੈਂ। ਵੈਦ ਜੀ ਦਾ
of course reached indeed have you. Mr. Vaid's
ਔਸ਼ਧਾਲਾ ਨੇੜੇ ਹੀ ਹੈ। ... ਚਲ, ਰਿਕਸ਼ੇ ਵਾਲਿਆ!
hospital near indeed is ... Go on. Rickshaw-man!
ਮੈਂ ਸਾਈਕਲ ਤੇ ਨਾਲ ਨਾਲ ਚਲਦਾ ਹਾਂ। ... (ਪਹੁੰਚ ਕੇ)
I cycle-on along-side move. ... (reaching)
ਬੱਲੇ ਬੱਲੇ, ਇਥੇ ਤਾਂ ਬੜੀ ਭੀੜ ਲਗੀ ਹੋਈ ਹੈ।
Aha aha, here of course great crowd gathered is.
ਕਿਉਂ ਗੁਲਾਬ ਸਿੰਹਾ। ਹਿੰਮਤ ਹੈ ਵੀ ਨਾ?
How is it Gulab Singh. Courage you have, is it?
ਘੰਟਾ ਡੇਢ ਬਹਿਣਾ ਪਵੇਗਾ।
one hour (or) one and half to sit (we) will have.

14. ਗੁਲਾਬ ਸਿੰਘ-ਇੰਜ ਤਾਂ ਦੋ ਘੰਟੇ ਵੀ ਸਾਡੀ
—This way of course two hours-in even our
ਵਾਰੀ ਨਹੀਂ ਆਵੇਗੀ। ਪਰ ਮੇਰੇ ਜਿਹੇ ਮਰੀਜ਼ਾਂ ਨੂੰ ਵੈਦ ਜੀ
turn not will come. But me like patients to Mr. Vaid
ਛੇਤੀ ਬੁਲਾ ਲੈਂਦੇ ਹਨ। ਥੋੜਾ-ਕੁ ਬਹਿ ਜਾ,
immediately calls. A little just sit down,
ਪਰਕਾਸ਼।
Parkash.

15. ਵੈਦ ਜੀ- ਗੁਲਾਬ ਸਿੰਘ, ਆ ਜਾ, ਭਾਈ ਤੂੰ ਜੋ
Mr. Vaid—Gulab Singh, come on, brother, you because
ਤੈਨੂੰ ਬੁਖਾਰ ਹੈ। ਤੈਨੂੰ ਬਹੁਤਾ ਚਿਰ ਨਹੀਂ ਰੋਕਣਾ
to you fever is. To you much time not detain
ਚਾਹੀਦਾ। ... ਸੁਣਾ, ਹੁਣ ਕੀ ਹਾਲ ਈ?
should ... Tell, now what condition is ?

16. ਗੁਲਾਬ ਸਿੰਘ-ਨਮਸਤੇ ਵੈਦ ਜੀ। ਪਹਿਲਾਂ ਤੋਂ
—Greetings Vaid Sir. Before than (more)
ਆਰਾਮ ਹੈ ਪਰ ਬੁਖ਼ਾਰ ਤਾਂ ਮਾੜਾ ਮਾੜਾ ਹਾਲੀਂ
relief is but fever of course mild mild now
ਵੀ ਹੈ। ਸਿਰ-ਪੀੜ ਨਹੀਂ ਹੁੰਦੀ। ਢਿੱਡ-
even (there) is. Head-ache not has been. Stomach-
ਪੀੜ ਵੀ ਨਹੀਂ ਹੁੰਦੀ।
ache also not has been.

17. ਵੈਦ ਜੀ-ਵਾਹ ਵਾਹ! ਤੂੰ ਹੁਣ ਛੇਤੀ ਵੱਲ ਹੋ ਜਾਣਾ ਹੈ।
—Good! You now soon well have to be.
ਭੁੱਖ ਲਗਦੀ ਊ ਕਿ ਨਹੀਂ?
Appetite is felt to you or not?

18. ਗੁਲਾਬ ਸਿੰਘ—ਭੁੱਖ-ਬ਼ੁੱਖ ਕੱਖ ਨਹੀਂ ਲਗਦੀ।
—Appetite, etc. straw not is felt.

19. ਵੈਦ-ਅੱਛਾ, ਮੂੰਹ ਖੋਲ੍ਹ। ਜੀਭ ਵਿਖਾ...। ਜੀਭ
—All right, mouth open. Tongue show ... Tongue
ਤਾਂ ਮੈਲੀ ਹੈ। ਮੇਹਦਾ ਕੰਮ ਨਹੀਂ ਕਰ ਰਿਹਾ।
of course dirty is. Stomach work not doing is.
ਪੇਟ ਸਾਫ਼ ਨਹੀਂ ਹੈ। ... ਜ਼ਰਾ ਤਖ਼ਤ ਤੇ ਲੇਟ ਜਾ। ਕੋਟ
Bowel clear not is. ... Just bench-on lie down. Coat

ਉਤਾਰ ਦੇ। ਕਮੀਜ ਉਪਰ ਕਰ ਲੈ। ਹੁਣ ਲੇਟ ਜਾ। ਲੰਬੇ-ਲੰਬੇ
put off. Shirt up do. Now lie down. Long-long
ਸਾਹ ਲੈ। ... ਇਥੇ ਦਰਦ ਹੁੰਦਾ ਹੈ ਕਿ ਨਹੀਂ?
breaths take ... Here pain is felt or not?

20. ਗੁਲਾਬ ਸਿੰਘ-ਨਹੀਂ ਜੀ।
—No, Sir.

21. ਵੈਦ ਜੀ-ਇਥੇ ?
—Here?

22. ਗੁਲਾਬ ਸਿੰਘ-ਨਹੀਂ ਜੀ।
—No, Sir.

23. ਵੈਦ ਜੀ-ਹੋਰ ਸਾਹ ਲੈ। ਇਥੇ ਦਬਾਇਆਂ ਦਰਦ ਹੁੰਦਾ ਹੈ?
—More breaths take. Here pressing pain felt is?

24. ਗੁਲਾਬ -ਮਾਮੂਲੀ।
—Ordinary.

25. ਵੈਦ ਜੀ-ਅੱਛਾ, ਠੀਕ ਹੈ। ਉਠ ਜਾ। ਕਪੜੇ ਪਾ ਲੈ। ...
—Well, right (it) is. Stand up. Clothes put on ...
ਫੇਫੜਿਆਂ ਵਿਚ ਥੋੜ੍ਹੀ ਜੇਹੀ ਸੋਜ ਬਾਕੀ ਹੈ ਤੇ ਥੋੜ੍ਹੀ
Lungs-in a little just swelling remains and a little
ਬਲਗਮ ਵੀ ਹੈ। ਇਸ ਲਈ ਇਕ ਹੋਰ ਦਵਾ
phlegm also (there) is. This-for an other medicine-
ਦੇ ਰਿਹਾ ਹਾਂ।
giving (I) am.

26. ਗੁਲਾਬ ਸਿੰਘ-ਜੀ, ਖੰਘ ਬੜੀ ਆਉਂਦੀ ਹੈ।
—Please, cough much comes.

27. ਵੈਦ ਜੀ-ਖੰਘ ਲਈ ਟਿੱਕੀਆਂ ਲਈ ਜਾਵੀਂ। ਇਕ ਟਿੱਕੀ
—Cough-for tablets taking go. One tablet
ਸਵੇਰੇ, ਇੱਕ ਦੁਪਹਿਰੇ, ਇਕ ਸ਼ਾਮ ਨੂੰ ਯਾ ਸੌਣ
morning, one at noon, one in the evening or sleeping
ਵੇਲੇ ਰਾਤ ਨੂੰ ਚੂਸੀਂ। ਰਾਤ ਨੂੰ ਉਹੋ ਕਾੜ੍ਹਾ ਲਵੀਂ।
time night at suck. Night-at same decoction take.

28. ਗੁਲਾਬ ਸਿੰਘ-ਵੈਦ ਜੀ, ਭੁੱਖ ਦਾ ਕੀ ਕਰੀਏ?
—Vaid Sir, appetite for what we may do?

29. ਵੈਦ ਜੀ-ਜਿਉਂ ਜਿਉਂ ਬੁਖ਼ਾਰ ਘਟੇਗਾ, ਭੁੱਖ ਵਧੇਗੀ।
—As as fever will abate, appetite will increase.

ਫ਼ਿਕਰ ਨਾ ਕਰ।
Worry not do.

30\. ਗੁਲਾਬ ਸਿੰਘ-ਜੀ, ਬੁਖ਼ਾਰ ਕਦੋਂ ਤੀਕ ਹਟੇਗਾ?
—Sir, Fever when-by will go?

31\. ਵੈਦ ਜੀ-ਭਾਈ, ਤੂੰ ਜਲਦੀ ਵੱਲ ਹੋ ਜਾਣਾ ਹੈ। ਚਿੰਤਾ ਨਾ ਕਰ।
—Brother, you soon well to be have. Worry not do.
ਬਿਸਤਰੇ ਤੇ ਲੇਟਿਆ ਰਹਿਵੀਂ। ਪੂਰਾ ਆਰਾਮ ਕਰ।
Bed-on lying keep. Full rest do.

32\. ਗੁਲਾਬ ਸਿੰਘ-ਵੈਦ ਜੀ, ਤੁਹਾਡੀ ਬੜੀ ਬੜੀ ਮਿਹਰਬਾਨੀ। ਤੁਹਾਡੇ
—Vaid Sir, your great great kindness. Your
ਬੱਚੇ ਜੀਉਂਦੇ ਰਹਿਣ।
children may live on.

33\. ਵੈਦ ਜੀ-ਹਾਂ ... ਜੇ ਭੁੱਖ ਲਗੇ ਤਾਂ ਫਲਾਂ ਦਾ ਰਸ ਯਾ
—Yes ... If hunger is felt then fruits-of juice or
ਦੁੱਧ ਚਾਉਲ ਲੈਣਾ। ਮੇਰੇ ਥੋਂ ਪੁੱਛੇ ਬਿਨਾਂ ਕੁਝ
milk rice take. Me-from asking-without anything
ਹੋਰ ਨਾ ਖਾਣਾ।
else not eat.

34\. ਗੁਲਾਬ ਸਿੰਘ-ਸਤ ਬਚਨ, ਮਹਾਰਾਜ ਜੀ। ਫਿਰ ਕਦੋਂ ਆਣਾ
—All right, noble Sir. Again when to come
ਹੈ, ਜੀ?
have, please?

35\. ਵੈਦ ਜੀ-ਚਾਰ ਦਿਨ ਦੀ ਦਵਾਈ ਹੈ। ਪੰਜਵੇਂ ਦਿਨ ਆਵੀਂ।
—Four days' medicine (it) is. Fifth day-on come.

36\. ਗੁਲਾਬ ਸਿੰਘ-ਬਹੁਤ ਅੱਛਾ, ਜੀ। ਧੰਨਵਾਦ।
—Very well, Sir. Thanks.

## Notes

1\. ਹੈਂ (1) has several intonations according to the sense desired. It draws attention, as in ਹੈਂ ਭਾਈ, isn't it, brother ! It means 'beg your pardon' when lengthened a little. It shows surprise when uttered in such an exclamatory tone.

2\. ਈ (1) = ਹੈ ਈ, is yours, ਈ being a pronominal suffix.

3. He is one, the Sikhs call Him ਵਾਹਿਗੁਰੂ (4), Hindus ਈਸ਼੍ਵਰ or ਭਗਵਾਨ and Muslims ਅੱਲਾਹ or ਖ਼ੁਦਾ.

4. ਬੀਮਾਰੀ ਲਗ ਜਾਣਾ is especially used when a disease is infectious, as ਜ਼ੁਕਾਮ (4), ਖੰਘ, cough.

5. ਕੁਝ ਨਾ ਪੁਛ (4), do not ask anything, means in effect 'the less said the better'.

6. ਕੋਈ ਕਿਥੇ ਕੋਈ ਕਿਥੇ (6) for 'they are scattered'.

7. ਪਹਿਲਾਂ (also ਪਹਿਲੋਂ) (8) is an adverbial form of ਪਹਿਲਾ, first (adj.).

8. ਉ (16) as a pronominal suffix is a variant of -ਈ.

9. ਲਗਣਾ (17) has a number of meanings—

(a) be attached, ਮਿੱਟੀ ਲਗ ਗਈ, ਧਿਆਨ ਲਗ ਗਿਆ (clay, mind)
(b) be employed, ਉਹਦਾ ਕੰਮ ਲਗ ਗਿਆ ਹੈ (work).
(c) be rooted, ਬੂਟਾ ਲਗ ਗਿਆ (plant).
(d) be known, ਪਤਾ ਲਗ ਗਿਆ (whereabouts).
(e) be felt, ਮੈਨੂੰ ਇੰਜ ਲਗਿਆ (so, thus)
(f) be fixed, ਉਥੇ ਖੰਭੇ ਲਗੇ ਸਨ (poles).
(g) be related, ਮੇਰਾ ਚਾਚਾ ਲਗਦਾ ਹੈ (uncle).
(h) be fit, ਚਾਬੀ ਲਗ ਗਈ (key).
(i) begin, ਕਰਨ ਲਗਿਆ (to do).
(j) hit, ਮੈਨੂੰ ਵੱਟਾ ਲਗਿਆ ਸੀ (stone).
(k) be levied, ਟੈਕਸ ਲਗ ਗਿਆ (tax).
(l) be arranged, ਕਿਤਾਬਾਂ ਲਗ ਗਈਆਂ (books).
(m) be infected, ਬੀਮਾਰੀ ਲਗ ਗਈ (disease).

## 6.17 ਮਕਾਨ ਕਿਵੇਂ ਬਣਦਾ ਹੈ?
## How a house is built ?

1. ਮਕਾਨ ਬਣਾਣਾ ਹੋਵੇ ਤਾਂ ਪਹਿਲਾਂ ਕਿਸੇ
(If) house to build have, then first some
ਓਵਰ-ਸੀਅਰ ਕੋਲੋਂ ਨਕਸ਼ਾ ਬਣਵਾਇਆ ਜਾਂਦਾ ਹੈ। ਸ਼ਹਿਰ ਦੀ ਕਮੇਟੀ
overseer - from plan got made is. Town's Committee
ਪਾਸੋਂ ਉਹ ਨਕਸ਼ਾ ਪਾਸ ਕਰਾਣਾ ਪੈਂਦਾ ਹੈ। ਨਕਸ਼ਾ ਪਾਸ ਕਰਾਏ
from that plan passed to do have. Plan passed having-done-

ਬਿਨਾਂ ਮਕਾਨ ਨਹੀਂ ਬਣਾਇਆ ਜਾ ਸਕਦਾ। ਜੇ ਕੋਈ ਬਣਾ
without house not made built be can. If anybody build
ਲਵੇ ਤਾਂ ਉਸ ਨੂੰ ਢਹਾਇਆ ਜਾ ਸਕਦਾ ਹੈ, ਜੁਰਮਾਨਾ ਕੀਤਾ ਜਾ ਸਕਦਾ ਹੈ,
may then it demolished be can, fine imposed be can,
ਅਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ। ਬੜਾ ਰਫੜ ਪੈਂਦਾ ਹੈ।
and law-suit started be can. Great botheration involved is.

2. ਨਕਸ਼ੇ ਦੇ ਹਿਸਾਬ ਨਾਲ ਨੀਂਹ ਖੁਦਵਾਈ ਜਾਂਦੀ ਹੈ।
Plan's accordance with foundation got dug is.

3. ਮਕਾਨ ਲਈ ਬਹੁਤਾ ਸਾਮਾਨ ਇਕੱਠਾ ਕੀਤਾ ਜਾਂਦਾ ਹੈ।
House-for much articles collection made is.
ਪਿੰਡ ਹੋਵੇ ਤਾਂ ਵੱਟੇ ਢੁਵਾਏ ਜਾਂਦੇ ਹਨ, ਰੁਖ ਕਟਵਾ ਕੇ
If village be then stones made carried are, trees making cut
ਲਕੜੀ ਤਿਆਰ ਕਰਵਾਈ ਜਾਂਦੀ ਹੈ। ਚਣਾਈ ਤਾਂ ਗਾਰੇ
timber ready got made is. Construction of course clay
ਨਾਲ ਹੋ ਜਾਂਦੀ ਹੈ, ਪਰ ਹੋਰ ਚੀਜ਼ਾਂ ਸ਼ਹਿਰੋਂ ਮੰਗਾਣੀਆਂ
with done is, but other things city/town-from to be sent for
ਪੈਂਦੀਆਂ ਹਨ। ਸ਼ਹਿਰਾਂ ਦੇ ਨੇੜੇ-ਤੇੜੇ ਭੱਠੇ ਹੁੰਦੇ ਹਨ। ਉਥੋਂ
have. Towns-of near-near kilns (there) are. Therefrom
ਇੱਟਾਂ ਢੁਵਾਈਆਂ ਜਾਂਦੀਆਂ ਹਨ। ਪਾਣੀ ਦਾ ਨਲਕਾ ਲਵਾਇਆ ਜਾਂਦਾ ਹੈ।
bricks made carried are. Water-of pipe made to lay is.

4. ਸੀਮੰਟ, ਚੂਨਾ, ਸੁਰਖੀ, ਰੋੜੀ, ਰੇਤ, ਹਰ ਚੀਜ਼
Cement, lime, brick-dust, gravel, sand, every thing
ਮੰਗਵਾ ਰਖੀਦੀ ਹੈ। ਲਕੜੀ ਚਿਰਾ ਕੇ ਦਰਵਾਜ਼ੇ, ਰੋਸ਼ਨਦਾਨ,
sent-for (&) kept is. Timber getting sawn doors, ventilators,
ਬਾਰੀਆਂ, ਅਲਮਾਰੀਆਂ ਬਣਵਾ ਲਈ ਦੀਆਂ ਹਨ। ਚੌਕਾਠਾਂ ਪਹਿਲਾਂ
windows, almirahs got made are. Frames first
ਬਣਵਾਈਆਂ ਜਾਂਦੀਆਂ ਹਨ ਕਿਉਂਜੋ ਨੀਂਹ ਪੱਟਣ ਤੇ ਭਰਨ ਦੇ
got made are because foundation digging and filling-
ਮਗਰੋਂ ਚੌਕਾਠਾਂ ਫਿਟ ਕਰਾਣੀਆਂ ਪੈਂਦੀਆਂ ਹਨ।
after frames got-fitted have to be.

5. ਕੰਧਾਂ ਦੀ ਉਸਾਰੀ ਜਲਦੀ ਹੋ ਜਾਂਦੀ ਹੈ। ਚੌਕਾਠਾਂ
Walls-of construction soon done is. Frames-
ਉੱਤੇ ਅਜ ਕਲ੍ਹ ਡਾਟ ਪਾਣ ਦਾ ਰਿਵਾਜ ਨਹੀਂ ਰਿਹਾ; ਲੋਹੇ ਦੇ ਛੜ
over these days arch putting-of custom not left ; iron-of bars

ਪਾ ਕੇ ਸੀਮੇਂਟ ਨਾਲ ਲਿੰਟਲ ਪਾ ਦਿੱਤਾ ਜਾਂਦਾ ਹੈ।
putting cement-with lintel put over is.

6. ਰਾਜਾਂ ਤੇ ਤਰਖਾਣਾਂ ਦੇ ਇਲਾਵਾ, ਲੋਹਾਰ ਦਾ ਕੰਮ
Masons and carpenters besides iron-smith's work
ਹੁੰਦਾ ਹੈ। ਛਤ ਤੇ ਸਲੈਬ ਪਾਣ ਲਈ ਛਤ ਦੀ ਚੌੜਾਈ ਦੇ ਹਿਸਾਬ
(there) is. Roof on slab putting-for roof's width accordance
ਛੜਾਂ ਮੰਗਵਾ ਲਈਆਂ ਜਾਂਦੀਆਂ ਹਨ। ਉਨ੍ਹਾਂ ਛੜਾਂ ਦੇ ਸਿਰੇ ਮੁੜਵਾ ਦਿੱਤੇ
bars sent for are. Those bars-of ends got turned
ਜਾਂਦੇ ਹਨ। ਪੱਖਿਆਂ ਲਈ ਕੁੰਡੇ ਬਣਵਾ ਲਿੱਤੇ ਜਾਂਦੇ ਹਨ। ਦਰਵਾਜ਼ਿਆਂ, ਬਾਰੀਆਂ
are. Fans-for staples got made are. Doors, windows-
ਦੇ ਛਬਕੇ, ਕਬਜੇ, ਚਿਟਕਨੀਆਂ, ਕੁੰਡੀਆਂ ਬਜਾਰੋਂ ਖਰੀਦੀਆਂ ਜਾਂਦੀਆਂ
of links, hinges, latches, chains market from purchased-
ਹਨ। ਪਿੰਡਾਂ ਵਿਚ ਹਾਲੀਂ ਵੀ ਇਹ ਚੀਜ਼ਾਂ ਲੁਹਾਰ ਬਣਾ ਲੈਂਦੇ ਹਨ।
are. Villages-in now even these things iron-smiths make.

7. ਮਕਾਨ ਦੀ ਉਸਾਰੀ ਦਾ ਜ਼ਿਆਦਾ ਕੰਮ ਰਾਜਾਂ
House-of construction-of major work masons
ਤੇ ਮਜ਼ਦੂਰਾਂ ਦਾ ਹੁੰਦਾ ਹੈ। ਇਹ ਕੰਮ ਅਮਾਨੀ ਵੀ ਕਰਵਾਇਆ ਜਾਂਦਾ ਹੈ
and labourers-of is. This work on wages also got done is
ਅਤੇ ਠੇਕੇ ਤੇ ਵੀ। ਠੇਕੇ ਦਾ ਕੰਮ ਬਹੁਤ ਵਧੀਆ ਨਹੀਂ
and contract-on also. Contract's work very good not
ਸਮਝਿਆ ਜਾਂਦਾ। ਅਮਾਨੀ ਕੰਮ ਪਸੰਦ ਕੀਤਾ ਜਾਂਦਾ ਹੈ, ਕਿਉਂਜੋ
considered is. On wage work liked is, because
ਆਪਣੀ ਮਰਜ਼ੀ ਮਾਫ਼ਕ ਜੋ ਚਾਹੋ ਜਿਹੋ ਜਿਹਾ ਚਾਹੋ
one's own wish-according to what you want what like you want
ਕਰਵਾ ਲਓ। ਅਮਾਨੀ ਕੰਮ ਕਰਨ ਵਾਲਿਆਂ ਨੂੰ ਮਜੂਰੀ ਹਫ਼ਤੇ ਦੇ ਹਫ਼ਤੇ
may get done. On wages workers-to wages week by week
ਦਿੱਤੀ ਜਾਂਦੀ ਹੈ। ਕਈ ਲੋਕੀਂ ਇਕ ਮੁਨਸ਼ੀ ਰਖ ਲੈਂਦੇ ਹਨ ਜਿਹੜਾ ਸਾਰਾ
given is. Many people a clerk keep who all
ਹਿਸਾਬ ਰਖਦਾ ਹੈ ਤੇ ਕੰਮ ਦੀ ਨਿਗਰਾਨੀ ਵੀ ਕਰਦਾ ਹੈ।
account keeps and work-of supervision also does.

8. ਮਕਾਨ ਪੂਰਾ ਹੋ ਜਾਵੇ, ਪਲਸਤਰ ਹੋ ਜਾਵੇ,
(When) house complete may be, plaster is done,
ਫਰਸ਼ ਪੈ ਜਾਣ, ਸਫ਼ਾਈ ਹੋ ਜਾਵੇ, ਤਾਂ ਲੋਕ ਚੱਠ-
floors put are, cleanliness done is, then people opening-

ਸ਼ੱਠ ਕਰਦੇ ਹਨ। ਇਸ ਮੌਕੇ ਤੇ ਉਨ੍ਹਾਂ ਦੇ ਰਿਸ਼ਤੇਦਾਰ ਤੇ
ceremony etc. do. This occasion-at their relatives and
ਦੋਸਤ-ਯਾਰ ਇੱਕਠੇ ਹੁੰਦੇ ਹਨ। ਸਿੱਖ ਗੁਰੂ ਗ੍ਰੰਥ ਸਾਹਿਬ ਦਾ ਪਾਠ
friends, etc. gathered are. Sikhs Guru Granth Sahib's reading
ਰਖਾਂਦੇ ਹਨ, ਕੀਰਤਨ ਹੁੰਦਾ ਹੈ, ਕੜਾਹ ਪਰਸ਼ਾਦ ਵੰਡਿਆ ਜਾਂਦਾ ਹੈ।
set up, hymn-singing done is, sweet victual distributed is.

9. ਹਿੰਦੂ ਲੋਕ ਹਵਨ ਪੂਜਾ ਕਰਾਂਦੇ ਹਨ।
Hindu people fire sacrifice worship get done.
ਪਰਸ਼ਾਦ ਵੰਡਦੇ ਹਨ। ਬਾਹਮਣਾਂ ਨੂੰ ਭੋਜ ਦੇਂਦੇ ਹਨ। ਆਉਣ ਵਾਲਿਆਂ ਨੂੰ
Victual distribute. Brahmins-to feast give. Comers-to
ਲੱਡੂ ਦਿੱਤੇ ਜਾਂਦੇ ਹਨ। ਜਿਨ੍ਹਾਂ ਨਾਲ ਨੇੜ ਹੁੰਦਾ ਹੈ, ਉਨ੍ਹਾਂ ਨੂੰ ਰੋਟੀ
sweets given are. Whom-with nearness is, them meal
ਵੀ ਖਵਾਈ ਜਾਂਦੀ ਹੈ।
also made to eat is.

10. ਇਹ ਨਾ ਸਮਝੋ ਜੋ ਤਦ ਤਕ ਮਕਾਨ ਦਾ ਕੰਮ
This not understand that then-by house-of work
ਮੁਕ ਹੀ ਜਾਂਦਾ ਹੈ। ਕੁਝ ਨਾ ਕੁਝ ਲਗਿਆ ਹੀ ਰਹਿੰਦਾ ਹੈ। ਬਾਹਰਲੀ
finished indeed is. Some or other goes on of course. Outer
ਕੰਧ (ਚਾਰ ਦੀਵਾਰੀ) ਬਣਵਾਣੀ ਹੈ। ਇਧਰ ਹੌਦੀ ਹੋਣੀ ਚਾਹੀਦੀ
wall (four walls) to be built is. This side reservoir wanted
ਹੈ। ਉਧਰ ਗਾਂ ਜੋਗੀ ਖੁਰਲੀ ਬਣਵਾ ਲਈਏ। ਬਸ ਇਸੇ
is. That side cow-for manger may we get built. Thus like
ਤਰ੍ਹਾਂ ਕੰਮ ਵਧਦਾ ਜਾਂਦਾ ਹੈ ਤੇ ਵਧਦਾ ਜਾਂਦਾ ਹੈ।
this work increasing goes on and increasing goes on.

## Notes

1. ਨਕਸ਼ਾ (1) is 'plan' as well as 'map'.
2. In ਨੇੜੇ-ਤੇੜੇ (3), ਤੇੜੇ is echoic.
3. ਮੰਗਵਾ ਰਖੀਦੀ ਹੈ (4) is in passive voice. The full form was ਮੰਗਵਾ ਰਖੀ ਜਾਂਦੀ ਹੈ, now ਜਾਂਦੀ is shortened to ਦੀ only. So also ਕੀਤਾ ਜਾਂਦਾ ਹੈ is ਕੰਮ ਕਰੀਦਾ ਹੈ, work is done ; ਚਿੱਠੀ ਲਿਖੀ ਹੈ, letter is written; ਕਾਗਜ਼ ਲੋੜੀਂਦੇ ਹਨ, papers are wanted.

It may be noted that in full form it is past participle before ਜਾਣਾ; but in this form the root takes -i and adds ਦਾ, ਦੇ, ਦੀ, as from ਕਰ, ਕਰੀਦਾ

ਹੈ, ਕਰੀਦੀ ਹੈ, ਕਰੀਦੇ ਹਨ, and so on.

4. ਚੌਕਾਠਾਂ (4) is from ਚੌ, four, ਕਾਠ, wood. The wooden sides of a frame are four. Hence this word.

5. ਲਿੱਤੇ ਜਾਂਦੇ ਹਨ is also ਲਏ ਜਾਂਦੇ ਹਨ, the former is on the analogy of ਦਿੱਤੇ, ਕੀਤੇ, ਪੀਤੇ; and is also more colloquial.

6. ਮੁਨਸ਼ੀ (7), in Panjabi, refers to 'Patwari' or village accountant, 'a private clerk', usually doing work according to native method, or 'a primary school teacher'.

7. ਗ੍ਰੰਥ ਸਾਹਿਬ (8) is the sacred book of the Sikhs in which the teachings of the Gurus & some other saints have been collected. It is Guru and is so respected. Hence the word 'Sahib' used with it.

8. ਕੀਰਤਨ (8) is singing of hymns collectively and repeating the hymns again & again, in accompaniment with instrumental music.

9. ਪਰਸ਼ਾਦ (8), sweets distributed in religious ceremonies. Sikhs generally have flour-pudding, called ਕੜਾਹ, Hindus have other varieties of sweets as well.

10. ਹਵਨ (9) is fire-sacrifice. Some medicinal things are pounded into ਸਮਿਗ੍ਰੀਂ and put into fire while enchanting *mantras* from scriptures.

11. ਲੱਡੂ (9) is a ball-like sweetmeat of the size of a lemon and prepared from gram-flour, ghee and sugar.

12. For ਕੁਝ ਨਾ ਕੁਝ (10), see note no. 3 (6.15).